# ਆਧੁਨਿਕ ਵਿਸ਼ਵ



ਚਰਨ ਸਿੰਘ

# ਆਧੁਨਿਕ ਵਿਸ਼ਵ
## (ਇਕ ਲੰਬੀ ਕਵਿਤਾ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ADHUNIK VISHAV

(A Long Poem)

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition: 2011

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

ਆਧੁਨਿਕ ਵਿਸ਼ਵ (ਇਕ ਲੰਬੀ ਕਵਿਤਾ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ
ਫੋਨ : 094170-72466

## ਪਿਆਰੇ ਵੱਡੇ ਵੀਰ ਤੇ ਮਿੱਤਰ
## ਜਨਕ ਰਾਜ ਸਿੰਘ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੁੱਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011

# ਚਰਨ ਸਿੰਘ ਦਾ ਜੀਵਨ—ਬਿਓਰਾ

ਨਾਮ : ਚਰਨ ਸਿੰਘ
ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

9251 ARVIDA, DR. RICHMOND B.C.
V7A4K5 CANADA

**ਛਪਾਈ ਅਧੀਨ ਪੁਸਤਕਾਂ**

(1) ਤ੍ਰੈਕਾਲ (ਕਾਵਿ ਸੰਗ੍ਰਹਿ)
(2) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(3) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(4) ਤ੍ਰਿਵੇਣੀ (ਕਾਵਿ ਸੰਗ੍ਰਹਿ)
(5) ਰਿਸ਼ਮਾ (ਕਾਵਿ ਸੰਗ੍ਰਹਿ)
(6) ਦਰਪਣ (ਕਾਵਿ ਸੰਗ੍ਰਹਿ)
(7) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(8) ਬੁੱਕਲ (ਕਾਵਿ ਸੰਗ੍ਰਹਿ)
(9) ਕੁਕਨੂਸ (ਕਾਵਿ ਸੰਗ੍ਰਹਿ)
(10) ਅਨੁਭਵ (ਕਾਵਿ ਸੰਗ੍ਰਹਿ)
(11) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(12) ਮੌਲੀ ਧਰਤੀ (ਕਾਵਿ ਸੰਗ੍ਰਹਿ)
(13) ਸੰਤੁਲਨ (ਕਾਵਿ ਸੰਗ੍ਰਹਿ)
(14) ਖ਼ਾਲੀ ਘਰ (ਕਾਵਿ ਸੰਗ੍ਰਹਿ)
(15) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(16) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(17) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I. SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHOURS & ARTISTS I.N.C. FOR 2011

(10) AWARD FOR OUTSTANDING CONTRIBUTION
TO WARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ

ਭਾਗ ਪਹਿਲਾ : ਆਧੁਨਿਕਤਾ

– – –

ਭਾਗ ਦੂਜਾ : ਆਧੁਨਿਕ ਮਨੁੱਖ

– – –

ਭਾਗ ਤੀਜਾ : ਆਧੁਨਿਕ ਮਨੁੱਖ ਤੇ ਸਮਾਜ

– – –

ਭਾਗ ਚੌਥਾ : ਆਧੁਨਿਕ ਵਿਸ਼ਵ

– – –

# ਆਧੁਨਿਕਤਾ

ਆਧੁਨਿਕਤਾ
ਦਾਰਸ਼ਨਿਕ ਵਿਗਿਆਨਕ
ਅਭੀਵਿਅਕਤੀ ਦਾ ਪ੍ਰਤੀਕ ਹੈ
ਵਰਤਮਾਨ ਭਵਿੱਖ ਤੇ ਭੂਤ ਚੋਂ
ਨਿਰੰਤਰ ਗੁਜ਼ਰਦੀ ਲੀਕ ਹੈ
ਜਿਸਦਾ ਤ੍ਰੈਕਾਲ਼ੀ
ਪ੍ਰਭਾਵਿਤ ਰੂਪ ਹੈ
ਤੇ ਸਮੇਂ 'ਚ
ਇਕ ਪੱਧਰ ਤੇ ਵਿਚਰਦਾ
ਸਰੂਪ ਹੈ
ਜਿਸਦਾ ਆਦਿ ਅੰਤ ਹੈ
ਅੰਤ ਆਦਿ ਹੈ
ਇਹ ਦਿਨ ਦਾ ਸੂਰਜ ਹੈ
ਚੰਨਾਂ ਤਾਰਿਆਂ 'ਚ
ਜਗਦੀ ਰਾਤ ਹੈ
ਆਉਣ ਵਾਲੇ ਸਮੇਂ 'ਚ
ਆਧੁਨਿਕ ਮਨੁੱਖ
ਆਧੁਨਿਕ ਸਮਾਜ
ਆਧੁਨਿਕ ਵਿਸ਼ਵ ਦੇ

ਸਿਜਰਕ ਸੱਚ ਦੀ
ਯਥਾਰਥਕ ਕਰਾਮਾਤ ਹੈ
ਇਸ ਵਿਚ
ਆਧੁਨਿਕ ਮਨੁੱਖ
ਤੇ ਆਧੁਨਿਕ ਸਮਾਜ ਦੀ
ਹੋਂਦ ਦਾ ਸੰਕਲਪ ਹੈ
ਮਨੁੱਖ ਅਨੁਕੂਲ ਸਮਾਜ
ਸਮਾਜ ਅਨੁਕੂਲ ਮਨੁੱਖ
ਸਿਰਜਣ ਦਾ ਹਲਫ਼ ਹੈ
ਇਹ ਉਸ ਸਮਾਜ
ਦਾ ਪ੍ਰਤੀਕ ਹੈ
ਜਿਸ ਦੀ ਮਹੱਤਤਾ
ਵਰਤਮਾਨ ਭੂਤ ਭਵਿੱਖ 'ਚ
ਬਰਾਬਰ ਖਿੱਚੀ ਲੀਕ ਹੈ
ਜਿਸਦੇ ਮਹੱਤਵ ਤੇ
ਪ੍ਰਭਾਵ ਨੂੰ ਸਮਾਂ ਮਾਤ ਨਾ
ਪਾ ਸਕੇ
ਸਮੇਂ ਦਾ ਵਿਚਰਨਾ
ਇਸ ਦੀ ਹੋਂਦ ਦਾ ਸੱਚ
ਨਾ ਘਟਾ ਸਕੇ
ਸਦਾ ਹੀ ਵਰਤਮਾਨ ਹੋ ਕੇ ਰਹੇ

ਇਸ ਸਮਾਜ ਤੇ ਮਨੁੱਖ
ਦਾ ਵਜ਼ੂਦ
ਭੂਤ 'ਚ ਵਰਤਮਾਨ ਹੈ
ਭਵਿੱਖ 'ਚ ਵਰਤਮਾਨ ਹੈ
ਵਰਤਮਾਨ 'ਚ ਵਰਤਮਾਨ ਹੈ
ਇਸ ਦੀ ਹੋਂਦ ਦਾ ਸੱਚ
ਇਸ ਦੀ ਪਹਿਚਾਣ ਹੈ
ਇਹ ਆਧੁਨਿਕ ਚੇਤਨਾ ਦਾ
ਅਥਾਹ ਹੈ ਵਿਸਥਾਰ ਹੈ
ਆਧੁਨਿਕ ਬੋਧ
ਮਨੁੱਖ ਤੇ ਮਨੁੱਖਤਾ ਲਈ
ਚਾਨਣ ਦਾ ਖੁੱਲ੍ਹਾ ਦੁਆਰ ਹੈ
ਜਿਸ ਵਿਚ ਰੌਸ਼ਨੀ ਹੀ
ਰੌਸ਼ਨੀ ਹੈ
ਹਨ੍ਹੇਰਾ ਦੁਰਕਾਰ ਹੈ
ਬੂੰਦ 'ਚ ਸਾਗਰ ਦੀ ਸਮਰੱਥਾ ਹੈ
ਸਾਗਰ 'ਚ ਬੂੰਦ ਸਹਿਕਾਰ ਹੈ
ਆਧੁਨਿਕਤਾ
ਆਧੁਨਿਕ ਮਨੁੱਖ ਤੇ ਸਮਾਜ
ਸਿਰਜਣ 'ਚ
ਅੱਜੋਕੇ ਮਨੁੱਖ ਦੀ ਆਪਣੀ ਰਜ਼ਾ ਹੈ

ਅਜੋਕੇ ਵਿਸ਼ਵ 'ਚ
ਫੈਲੇ ਪ੍ਰਦੂਸ਼ਣ ਰਿਸ਼ਵਤਖੋਰੀ
ਤੇ ਭਰਿਸ਼ਟਾਚਾਰ ਨੂੰ
ਜੜ੍ਹ ਤੋਂ ਉਖਾੜਨ ਦੀ ਵਜ਼ਾ ਹੈ
ਆਧੁਨਿਕ ਮਨੁੱਖ ਤੇ ਸਮਾਜ ਦਾ
ਸੱਚ ਸਿਰਜਣ ਲਈ
ਆਧੁਨਿਕ ਚੇਤਨਾ
ਦੀਆਂ ਸੀਮਾ ਸੰਭਾਵਨਾਵਾਂ
ਦਾ ਖੇਤਰ ਬੇਪਨਾਹ ਹੈ
ਵਿਸਥਾਰ ਅਥਾਹ ਹੈ
ਇਕ ਇਕ ਕਿਰਨ ਨੂੰ ਬੁਣ ਕੇ
ਸੂਰਜ ਦਾ ਆਕਾਰ ਸਿਰਜਣਾ ਹੈ
ਮਨੁੱਖ ਦਾ ਚਾਨਣ
ਮਨੁੱਖ ਤੋਂ ਮਨੁੱਖਤਾ 'ਚ ਤੋਰਨਾ ਹੈ
ਚਿਹਰਿਆਂ ਚੋਂ ਦਰਪਣ
ਦਰਪਣ ਚੋਂ ਚਿਹਰਾ ਘੜਨਾ ਹੈ
ਮਨੁੱਖ ਦੇ ਆਦਿ ਤੋਂ
ਹੁਣ ਤਕ ਦਾ ਹਨ੍ਹੇਰਾ ਖਲਾਅ
ਸੂਰਜਾਂ ਨਾਲ ਭਰਨਾ ਹੈ

ਕਿ ਮਨੁੱਖ ਜਦ ਆਦਿ ਤੋਂ
ਆਪਣੇ ਸਿਖ਼ਰ ਤਕ ਦਾ ਸਫ਼ਰ ਪੜ੍ਹੇ
ਉਹ ਸ਼ਰਮਿੰਦਾ ਨਾ ਹੋਵੇ
ਆਪਣੇ ਆਪ ਤੇ ਫ਼ਖ਼ਰ ਕਰੇ
ਇਹ ਤਾਂ ਹੀ ਸੰਭਵ ਹੈ
ਜੇ ਆਧੁਨਿਕ ਮਨੁੱਖ ਤੇ
ਸਮਾਜ ਦੀ ਸਿਰਜਣਾ
ਆਧੁਨਿਕ ਚੇਤਨਾ ਦੇ ਸੱਚ ਤੇ ਹੋਵੇ
ਸਫ਼ਰ ਦੇ ਹਰ ਇਕ ਪੈਰ ਤੇ
ਮਨੁੱਖ ਦਾ ਸੁਭਾਅ
ਦ੍ਰਿਸ਼ਟੀਕੋਣ ਵਿਚਰਨ ਧਰਾਤਲ
ਆਧੁਨਿਕ ਹੋਵੇ.
ਆਧੁਨਿਕ ਚੇਤਨਾ
ਮਨੁੱਖ ਦੇ ਲਹੂ ਦੀ ਗਤੀ ਹੈ
ਸੁਭਾਅ ਹੈ
ਮਨੁੱਖ ਮਨੁੱਖਤਾ ਦੇ
ਮਨੁੱਖਤਾ ਮਨੁੱਖ ਦੇ
ਇਸ ਦਰਿਸ਼ਟੀ ਤੋਂ ਰਾਹ ਹੈ
ਆਦਿ ਤੋਂ ਅੰਤ ਦੇ ਸਫ਼ਰ 'ਚ
ਜੋ ਦਾਗ਼ ਮਨੁੱਖ ਤੇ
ਮਨੁੱਖਤਾ ਦੇ ਮੱਥੇ ਤੇ ਲੱਗੇ ਹਨ

ਮਨੁੱਖ ਆਪਣੇ ਹੱਥੀਂ
ਉਹ ਦਾਗ਼
ਆਪਣੇ ਲਹੂ ਨਾਲ ਧੋਵੇ
ਆਦਿ ਤੋਂ ਅੰਤ ਦੇ ਸਫ਼ਰ 'ਚ
ਆਧੁਨਿਕ ਚੇਤਨਾ ਦਾ ਸੱਚ ਬੋਵੇ
ਇਸ ਚੇਤਨਾ ਦੇ ਆਧਾਰ ਤੇ
ਆਪਣਾ ਸਫ਼ਰ ਤਹਿ ਕਰੇ
ਮਨੁੱਖ
ਮਨੁੱਖਤਾ ਤੇ ਸਮਾਜ ਦਾ ਦਾਮਨ
ਚਾਨਣ ਨਾਲ ਭਰੇ

-0-

ਆਧੁਨਿਕਤਾ
ਸਮੇਂ ਚੋਂ ਆਧੁਨਿਕ ਮਨੁੱਖ ਦਾ
ਸੰਕਲਪ ਸਿਰਜੇਗੀ
ਆਧੁਨਿਕ ਮਨੁੱਖ
ਆਧੁਨਿਕ ਸੁਭਾਅ
ਸ਼ਬਦ ਤੇ ਅਰਥ ਸਿਰਜੇਗੀ
ਫਿਰ ਆਧੁਨਿਕ
ਸਮਾਜ ਸਿਰਜੇਗੀ
ਜਿਸ ਵਿਚ
ਆਧੁਨਿਕ ਮਨੁੱਖ ਵਿਚਰੇਗਾ
ਆਧੁਨਿਕ ਮਨੁੱਖ ਦਾ
ਇਤਿਹਾਸ ਵਿਚਰੇਗਾ

ਆਧੁਨਿਕ ਮਨੁੱਖ ਦਾ
ਅਨੁਸ਼ਾਸਨ ਤੇ ਕਿਰਦਾਰ
ਵਿਚਰੇਗਾ
ਕਾਰੋਬਾਰ ਵਿਚਰੇਗਾ
ਆਪਣੇ ਵਿਚਰਨ ਧਰਾਤਲ 'ਚ
ਆਧੁਨਿਕ ਮਨੁੱਖ ਦੀ ਜ਼ੰਮਾਂ ਵਧੇਗੀ
ਆਧੁਨਿਕ ਮਨੁੱਖ ਦਾ
ਵਿਸਥਾਰ ਹੋਵੇਗਾ
ਆਧੁਨਿਕ ਮਨੁੱਖ ਦੇ ਅਨੁਕੂਲ
ਆਧੁਨਿਕ ਮਨੁੱਖ ਦਾ ਆਕਾਰ ਹੋਵੇਗਾ
ਆਧੁਨਿਕ ਸੋਚ ਹੋਵੇਗੀ
ਸਾਂਝ ਹੋਵੇਗੀ
ਸੱਚ ਸੁੰਦਰਤਾ ਤੇ ਕਲਿਆਣ
ਦਾ ਪਸਾਰ ਹੋਵੇਗਾ
ਮਨੁੱਖ ਦੀ ਉਨਤੀ ਲਈ ਸਮਾਜ
ਸਮਾਜ ਦੀ ਉਨਤੀ ਲਈ
ਮਨੁੱਖੀ ਅਨੁਸ਼ਾਸਨ ਤੇ
ਮਨੁੱਖੀ ਕਿਰਦਾਰ ਹੋਵੇਗਾ
ਸਰਬ ਸਾਂਝੇਪਣ ਦਾ

ਸਬਰ ਸੰਤੋਖ ਪਿਆਰ
ਸ਼ਾਂਤੀ ਬਰਾਬਰਤਾ
ਸਰਬਤ ਦੇ ਭਲੇ ਦਾ
ਪਰਚਾਰ ਤੇ ਵਿਸਥਾਰ ਹੋਵੇਗਾ
ਮਨੁੱਖ ਤੇ ਸਮਾਜ ਦਾ
ਇਹੀ ਆਧਾਰ ਹੋਵੇਗਾ
ਏਕਤਾ ਸ਼ਹਿਨਸ਼ੀਲਤਾ
ਦੇ ਫੁੱਲ ਖਿੜਣਗੇ
ਵੱਖ ਵੱਖ ਰੰਗਾਂ ਖੁਸ਼ਬੂਆਂ
ਬੋਲੀਆਂ ਦਾ
ਹੱਸਦਾ ਗੁਲਜ਼ਾਰ ਹੋਵੇਗਾ
ਮਨੁੱਖਤਾ ਦੇ ਚਾਨਣ ਦਾ
ਜਿਸ 'ਚ ਆਬਸ਼ਾਰ ਹੋਵੇਗਾ
ਕੱਟੇਗੀ ਨਹੀਂ
ਤਲਵਾਰ ਸਿਰ ਕੋਈ
ਆਧੁਨਿਕ ਚੇਤਨਾ ਤੇ ਤਰਕ
ਹਰ ਮਸਲੇ ਦਾ ਆਧਾਰ ਹੋਵੇਗਾ
ਆਧੁਨਿਕਤਾ
ਆਧੁਨਿਕ ਮਨੁੱਖ ਤੇ ਸਮਾਜ 'ਚੋਂ
ਆਧੁਨਿਕ
ਵਿਸ਼ਵ ਦਾ ਸੰਕਲਪ ਜਨਮੇਂਗੀ
ਆਧੁਨਿਕ
ਵਿਸ਼ਵ ਦਾ ਸਿਲਸਿਲਾ

ਕਾਰੋਬਾਰ ਜਨਮੇਂਗੀ
ਮੁੱਢਲੇ ਸਮਾਜ 'ਚ ਹੀ
ਆਧੁਨਿਕ ਮਨੁੱਖ ਦਾ ਸੰਕਲਪ
ਸ਼ਾਖਸ਼ਾਤ ਪਿਆ ਹੈ
ਮੁੱਢਲਾ ਸਮਾਜ
ਇਹ ਸੰਕਲਪ
ਸਮੇਂ ਦੀ ਤਲੀ ਤੇ ਧਰ ਗਿਆ ਹੈ
ਮੁੱਢਲੇ ਸਮਾਜਕ ਵਿਕਾਸ 'ਚ
ਆਧੁਨਿਕ ਮਨੁੱਖ ਦਾ
ਅੰਕੁਰ ਬੀਜ ਹੈ
ਵਿਕਾਸ ਦੀਆਂ ਪ੍ਰਸਥਿਤੀਆਂ
ਸੀਮਾਂ ਸੰਭਾਵਨਾ ਚੋਂ
ਆਧੁਨਿਕ ਮਨੁੱਖ ਦੇ ਸੰਕਲਪ ਦੀ
ਪੁੰਗਰਦੀ ਰੀਝ ਹੈ
ਆਦਿ ਮਨੁੱਖ ਦਾ ਵਿਕਾਸ ਹੀ
ਆਧੁਨਿਕ ਮਨੁੱਖ ਦਾ
ਰੂਪ ਧਾਰਦਾ ਹੈ
ਆਦਿ ਮਨੁੱਖ ਦਾ ਮੂਲ
ਆਪਣੇ ਆਪ ਨੂੰ
ਆਧੁਨਿਕ ਮਨੁੱਖ 'ਚ ਢਾਲਦਾ ਹੈ
ਆਦਿ ਮਨੁੱਖ 'ਚ
ਆਧੁਨਿਕ ਮਨੁੱਖ ਹੋਣ ਦੀ
ਇੱਛਾ ਮੌਜੂਦ ਸੀ

ਭਾਵੇਂ ਆਦਿ ਮਨੁੱਖ ਲਈ
ਆਧੁਨਿਕ ਮਨੁੱਖ ਦਾ
ਅਨਜਾਣ ਵਜ਼ੂਦ ਸੀ
ਆਧੁਨਿਕ ਮਨੁੱਖ ਦਾ ਅੰਕੁਰ
ਆਦਿ ਮਨੁੱਖ 'ਚ ਜਿਉਂਦਾ ਹੈ
ਆਧੁਨਿਕ ਬੋਧ 'ਚ
ਇਸਦਾ ਰੰਗ ਰੂਪ ਨਿਖਰਦਾ ਹੈ
ਮਾਨਵਤਾ ਦੇ ਬਗੀਚੇ 'ਚ
ਇਹ ਫੁੱਲ ਖਿੜਦਾ ਹੈ
ਆਧੁਨਿਕ ਚੇਤਨਾ
ਜਿਸਦੀ ਕੁੱਖ ਹੈ
ਧਰਤੀ ਦਾ ਇਹ
ਐਸਾ ਅਮਰ ਰੁੱਖ ਹੈ
ਜੋ ਇਕ ਵਾਰ ਜਨਮਦਾ ਹੈ
ਤਾਂ ਕਦੀ ਨਹੀਂ ਮਰਦਾ
ਜਿਉਂਦੇ ਜੀਅ
ਇਸਨੂੰ ਫੁੱਲ ਪੈਂਦੇ ਹਨ
ਫੁੱਲਾਂ ਚੋਂ ਫੱਲ
ਫੱਲਾਂ ਚੋਂ ਬੀਜ ਜਨਮਦੇ ਹਨ
ਰੁੱਖ ਜਿਉਂਦੇ ਹਨ
ਮਰਨ ਤੋਂ ਪਹਿਲਾਂ
ਆਪਣੇ ਬੀਜ ਚੋਂ ਹੀ
ਉੱਗ ਆਉਂਦੇ ਹਨ

ਆਧੁਨਿਕਤਾ ਨੇਕੀ ਦਾ ਨਾਮ ਹੈ
ਇਸ ਦੀ ਸੁਭ੍ਹਾ ਹੀ ਸੁਭ੍ਹਾ ਹੈ
ਨਾ ਕਦੀ ਸ਼ਾਮ ਹੈ
ਜਿਸ ਦਾ ਭਵਿੱਖ ਬਸ ਅੱਜ ਹੈ
ਨਾ ਕੋਈ
ਬੀਤਿਆ ਕੱਲ੍ਹ ਹੈ
ਇਹ ਨਿਰੰਤਰ ਸਮਾਂ ਹੈ
ਜਿਸ ਦੀ ਹੋਂਦ ਤਾਂ ਹੈ
ਹੋਂਦ ਦਾ ਅੰਤ ਕੋਈ ਨਹੀਂ
ਜਿਵੇਂ ਰੁੱਖ ਅਮਰ ਹੈ
ਇਸੇ ਤਰ੍ਹਾਂ ਹੀ
ਆਧੁਨਿਕ ਮਨੁੱਖੀ ਚੇਤਨਾ
ਚਿਰਜੀਵ ਹੈ ਅਮਰ ਹੈ
ਉਸਦਾ ਅੰਤ ਨਹੀਂ
ਵਿਸਥਾਰ ਹੀ ਵਿਸਥਾਰ ਹੈ
ਇਹ ਚੇਤਨਾ
ਸਮੇਂ ਦੇ ਆਰ ਪਾਰ ਹੈ

-0-

ਆਧੁਨਿਕਤਾ ਦੀਆਂ
ਸੀਮਾ ਸੰਭਾਵਨਾਵਾਂ ਅੰਤ ਰਹਿਤ ਹਨ
ਆਧੁਨਿਕ
ਆਤਮ ਸੰਤੋਸ਼ ਦਾ ਸਫ਼ਰ ਨਹੀਂ
ਆਤਮ ਖੋਜ ਦਾ ਸਫ਼ਰ ਹੈ

ਆਧੁਨਿਕਤਾ
ਅਧਿਆਪਕ ਹੋਣ ਦਾ ਨਹੀਂ
ਵਿਦਿਆਰਥੀ ਰਹਿਣ ਦਾ
ਸੰਕਲਪ ਹੈ
ਇਹ ਇਕ ਸਿਰਫ਼
ਨਿਰੰਤਰ ਯਤਨ ਹੈ
ਯਤਨ ਦਾ ਅੰਤ ਨਹੀਂ
ਆਦਮੀ ਜਿੰਨਾ ਚਾਹੇ
ਆਪਣੇ ਅੰਦਰ
ਆਦਮੀਅਤ ਦੇ ਬੀਜ
ਬੀਜ ਸਕਦਾ ਹੈ,
ਆਪਣਾ ਸੱਚ
ਅੰਤ ਤੋਂ ਪਹਿਲਾਂ ਵੀ
ਅੰਤ ਤੋਂ ਪਿਛੋਂ ਵੀ ਉਤਾਰ ਸਕਦਾ ਹੈ
ਆਧੁਨਿਕਤਾ ਦੇ
ਸੰਕਲਪਤ ਸੱਚ ਤੋਂ
ਅਗੇਰੇ ਵਿਚਰ ਸਕਦਾ ਹੈ
ਇਹ ਅੰਤ ਰਹਿਤ
ਸਫ਼ਰ ਦਾ ਪ੍ਰਤੀਕ ਹੈ
ਇਹ ਆਦਿ ਤੋਂ ਖਿੱਚੀ
ਅੰਤਰਹਿਤ ਲੀਕ ਹੈ
ਆਧੁਨਿਕਤਾ
ਦੀਆਂ ਸੀਮਾ ਸੰਭਾਵਨਾਵਾਂ

ਪਿੰਡ ਤੋਂ ਵਿਸ਼ਵ ਖੇਤਰ
ਤਕ ਵਿਚਰਦੀਆਂ ਹਨ
ਆਦਿ ਤੋਂ ਪਹਿਲਾਂ ਵੀ
ਆਦਿ ਤੋਂ ਪਿੱਛੋਂ ਵੀ
ਖਿਲਰਦੀਆਂ ਹਨ
ਆਧੁਨਿਕਤਾ
ਵਿਸ਼ਵ ਪੱਧਰ ਤੇ
ਮਨੁੱਖਤਾ ਦਾ ਰੰਗ ਨਸਲ
ਜਾਤ ਪਾਤ ਤੋਂ
ਉੱਚਾ ਉਠਂ ਕੇ ਕੀਤਾ ਨਰੀਖਣ ਹੈ
ਮਨੁੱਖੀ ਆਧਾਰ ਤੇ ਪਰਿਖਸ਼ਤ ਹੈ
ਨਾ ਧਰਮ ਨਾ ਨਸਲ ਦੇ ਆਧਾਰ ਤੇ
ਮਨੁੱਖ ਦਾ ਮੁੱਲ ਹੈ ਸਤਿਕਾਰ ਹੈ
ਮਨੁੱਖ ਦੇ ਗੁਣਾਂ
ਮਨੁੱਖ ਦੇ ਲਹੂ ਦਾ ਆਧਾਰ ਹੈ
ਆਧੁਨਿਕਤਾ ਨੇ
ਵਿਸ਼ਵ ਘਰ ਦੀਆਂ ਅੱਖ੍ਹਾਂ ਚੋਂ
ਸਾਰੀ ਮਾਨਵਤਾ ਨੂੰ
ਇਕ ਦਰਿਸ਼ਟੀ ਨਾਲ ਵੇਖਣਾ ਹੈ
ਪਿਆਰ ਸਾਂਝੀਵਾਲਤਾ
ਬਰਾਬਰਤਾ

ਸਰਬੱਤ ਦੇ ਭਲੇ ਦੀ
ਤੱਕੜੀ 'ਚ ਤੋਲਣਾ ਹੈ
ਮਨੁੱਖ ਨਾਲ
ਮਨੁੱਖ ਦੀ ਭਾਸ਼ਾ 'ਚ ਬੋਲਣਾ ਹੈ
ਸੱਚ ਨੂੰ ਪ੍ਰਗਟਾਉਣਾ ਹੈ
ਨਿਆਂਏ ਕਰਨਾ ਹੈ
ਮਨੁੱਖ ਦੀ ਤਲੀ ਤੇ ਝੂਠ ਦਾ ਝੂਠ
ਸੱਚ ਦਾ ਸੱਚ ਧਰਨਾ ਹੈ
ਮਨੁੱਖੀ ਲਹੂ ਦੀ
ਪਹਿਚਾਣ ਕਰਨੀ ਹੈ
ਮਨੁੱਖ 'ਚ ਪੂਰਨ ਮਨੁੱਖਤਾ ਦਾ
ਅਹਿਸਾਸ ਧਰਨਾ ਹੈ
ਪੂਰਨ ਮਨੁੱਖਤਾ 'ਚ
ਮਨੁੱਖ ਦੀ ਇਕਾਈ ਹੈ
ਉਸਦੀ ਪੂਰਤੀ ਲਈ
ਆਧੁਨਿਕ ਮਨੁੱਖ ਨੂੰ
ਉਸ ਪੱਧਰ ਤਕ ਅਪੜਨਾ ਹੈ
ਜਿਸ ਪੱਧਰ ਦੀ
ਆਧੁਨਿਕ ਉਚਾਈ ਹੈ

-0-

ਆਧੁਨਿਕਤਾ
ਮਨੁੱਖੀ ਰਿਸ਼ਤਿਆਂ ਨੂੰ

ਹੱਦਾਂ ਬੰਨਿਆਂ ਕੰਧਾਂ
ਵਲਗਣਾ ਵਿਚ ਨਹੀਂ ਵੇਖਦੀ
ਮਨੁੱਖੀ ਰਿਸ਼ਤੇ ਮਨੁੱਖੀ ਸਾਂਝ
ਮਨੁੱਖਤਾ ਤੇ
ਮਨੁੱਖ ਵਿਚਲੀ ਇਕਾਈ ਹੈ
ਮਨੁੱਖ ਦਾ ਲਹੂ
ਜਿਸਦਾ ਆਧਾਰ ਹੈ ਸੱਚਾਈ ਹੈ
ਆਧੁਨਿਕਤਾ
ਕੰਧਾਂ ਸਰਹੱਦਾਂ ਬੰਨੇ ਤੋੜ
ਇਕ ਵਿਹੜੇ ਦਾ
ਇਕ ਧਰਤ ਦਾ
ਇਕ ਅੰਬਰ ਦਾ ਸੰਕਲਪ ਹੈ
ਆਧੁਨਿਕਤਾ ਦੀ ਅੱਖ ’ਚ
ਮਾਨਵੀ ਗੁਣ
ਅਨੁਸ਼ਾਸਨ ਕੌਮੀ ਕਿਰਦਾਰ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਸਥਾਪਤੀ ਦਾ
ਹਲਫ਼ ਹੈ
ਜੋ ਆਧੁਨਿਕਤਾ ਦਾ
ਪਾਣੀ ਭਰਦਾ ਹੈ
ਉਹੀ ਆਧੁਨਿਕਤਾ ਦਾ
ਪਿੰਡਾ ਤੇ ਸੱਚ ਤਰਦਾ ਹੈ

ਆਧੁਨਿਕ ਮਨੁੱਖ
ਵੱਖ ਵੱਖ ਜਾਤੀਆਂ
ਰੰਗਾਂ ਨਸਲਾਂ ਧਰਮਾਂ ਦੇ ਲੋਕ
ਇਕ ਵਿਸ਼ਵ ਘਰ ਦਾ
ਸੰਕਲਪ ਕਰਦੇ ਹਨ
ਇਕ ਧਰਤੀ ਦੇ ਵਿਹੜੇ
ਇਕ ਅੰਬਰ ਦੇ ਹੇਠ
ਵਿਚਰਦੇ ਹਨ
ਆਧੁਨਿਕਤਾ
ਮਨੁੱਖ ਦੇ ਲਹੂ ਦਾ ਰੰਗ
ਪਹਿਚਾਣਦੀ ਹੈ
ਮਨੁੱਖ ਦੀ ਹੋਂਦ ਦਾ
ਸੱਚ ਜਾਣਦੀ ਹੈ

-0-

ਆਧੁਨਿਕਤਾ
ਜੀਵਨ ਦਾ ਪ੍ਰਯੋਜਨ
ਜੀਵਨ ਵਿਚਰਨ ਧਰਾਤਲ
ਆਧੁਨਿਕ ਮਨੁੱਖ ਤੇ ਸਮਾਜ ਨੂੰ
ਸਿੱਖਾਉਂਦੀ ਹੈ
ਜੀਵਨ ਦੇ ਸ਼ੁਰੂ ਤੋਂ ਅੰਤ ਤਕ
ਦੀ ਤੀਬਰਤਾ ਨੂੰ
ਸੰਤੁਲਨ ਤੇ ਸੰਯਮ ਦਾ

ਦਰਪਣ ਵਿਖਾਉਂਦੀ ਹੈ
ਜੀਵਨ ਚਾਲ ਦੀ ਗਤੀ
ਤੇ ਦਿਸ਼ਾਵਾਂ
ਆਪਣੇ ਲਹੂ 'ਚ ਘੋਲਦੀ ਹੈ
ਫਿਰ ਸੂਰਜਾਂ ਦੀਆਂ ਪੰਡਾਂ
ਰਾਹੀਆਂ ਦੇਂ ਰਾਹਾਂ 'ਚ ਖੋਲ੍ਹਦੀ ਹੈ
ਇਸ ਪਖੋਂ
ਜਿੱਥੇ ਆਧੁਨਿਕਤਾ
ਦਰਸ਼ਨ ਗਿਆਨ
ਤੇ ਵਿਗਿਆਨ ਦਾ ਸੂਰਜ ਹੈ
ਉਥੇ ਸਿਆਣਫ਼ ਦਾ ਵੀ ਸੋਮਾ ਹੈ
ਮਨੁੱਖ ਮਨੁੱਖਤਾ 'ਚ
ਤਰਕ ਦਲੀਲ ਸੱਚ ਦਾ
ਹੋਣਾ ਹੈ
ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ ਦਾ
ਸਿਆਣਫ਼ ਮੂਲ ਆਧਾਰ ਹੈ
ਸਿਆਣਫ਼ ਬਿਨਾਂ
ਮਨੁੱਖ ਸਮਾਜ
ਤੇ ਵਿਸ਼ਵ ਦਾਂ ਸੰਕਲਪ

ਸਭ ਬੇਕਾਰ ਹੈ
ਅਜੋਕਾ ਵਿਸ਼ਵ
ਗਿਆਨਵਾਨ ਤਾਂ ਹੈ
ਪਰ ਸਿਆਣਫ਼ਹੀਣ ਹੈ
ਸਿਆਣਫ਼ ਬਿਨਾਂ
ਨਾ ਅਨੁਸ਼ਾਸਨ ਹੈ
ਨਾ ਕੌਮੀ ਕਿਰਦਾਰ ਹੈ
ਮਨੁੱਖ ਦਾ ਨਾ ਕੋਈ
ਦੀਨ ਈਮਾਨ ਹੈ
ਅਜੋਕੇ ਮਨੁੱਖ ਨੇ
ਬੇਅੰਤ ਸ਼ਕਤੀ ਹਾਸਲ ਕੀਤੀ ਹੈ
ਬੇਅੰਤ
ਗਿਆਨ ਵਿਗਿਆਨ
ਹਾਸਲ ਕੀਤਾ ਹੈ
ਅੰਬਰ ਚੰਨਾਂ ਤਾਰਿਆਂ
ਗ੍ਰਹਿਆਂ ਉਪ-ਗ੍ਰਹਿਆਂ ਨੂੰ ਫਤਹਿ ਕੀਤਾ ਹੈ
ਪਰ ਸਿਆਣਫ਼ਹੀਣ ਹੋਣ ਕਾਰਨ
ਇਸ ਦੀ ਵਰਤੋਂ
ਮਨੁੱਖੀ ਸਮਾਜ
ਤੇ ਵਿਸ਼ਵ ਦੀ ਭਲਾਈ ਲਈ
ਕਰ ਨਹੀਂ ਸਕਿਆ
ਮਨੁੱਖਤਾ ਦੇ ਹਨ੍ਹੇਰੇ 'ਚ

ਚਾਨਣ ਧਰ ਨਹੀਂ ਸਕਿਆ
ਅਜੋਕੇ ਵਿਸ਼ਵ ਦੀ
ਵਿੱਦਿਆ
ਗਿਆਨ ਪ੍ਰਧਾਨ ਕਰਦੀ ਹੈ
ਗਿਆਨਣ ਤੋਂ
ਪਾਸਾ ਵਟਦੀ ਹੈ
ਅਜੋਕਾ ਮਨੁੱਖ
ਰਾਵਣ ਜਿਹਾ ਵਿੰਦਵਾਨ ਹੈ
ਸਿਆਣਫ਼ ਬਿਨਾਂ
ਅਜੋਕਾ ਮਨੁੱਖ
ਮੂਰਖ ਇਨਸਾਨ ਹੈ
ਆਧੁਨਿਕ ਮਨੁੱਖ
ਤੇ ਸਮਾਜ ਨੂੰ
ਆਧੁਨਿਕਤਾ ਸਿਆਣਫ਼
ਤੇ ਅਧਾਰਤ
ਜੀਵਨ ਮਾਰਗ ਵਿਖਾਉਂਦੀ ਹੈ
ਮਾਨਵਤਾ ਦੇ ਰਾਹ ਤੇ
ਸੂਰਜਾਂ ਦੇ ਕਾਫ਼ਲੇ ਉੱਗਾਉਂਦੀ ਹੈ
ਮਨੁੱਖ ਤੇ ਮਨੁੱਖਤਾ ਦਾ
ਅੰਦਰੂਨੀ
ਅੰਧਕਾਰ ਮਿਟਾਉਂਦੀ ਹੈ

ਆਧੁਨਿਕਤਾ
ਜਦ ਜੀਵਨ ਦਾ ਪ੍ਰਯੋਜਨ
ਭਾਲਦੀ ਹੈ
ਜੀਵਨ ਪ੍ਰਯੋਜਨ ਲਈ
ਆਪਣੇ ਆਪ ਨੂੰ
ਜੀਵਨ ਦੀਆਂ ਡੂੰਘੀਆਂ
ਖਾਹੀਆਂ 'ਚ ਉਤਾਰਦੀ ਹੈ
ਆਪਣੇ ਲਹੂ 'ਚ
ਉਬਾਲਦੀ ਹੈ
ਆਪਣੀ ਦੇਹ 'ਚ ਠਾਰਦੀ ਹੈ
ਸਹਿਰਾ ਤੇ ਤੁਰਦੀ ਹੈ
ਆਪਣਾ ਆਪਾ
ਖਾਲੀ ਕਰਦੀ ਹੈ
ਆਪਣੇ ਆਪ 'ਚ
ਜੀਵਨ ਪ੍ਰਯੋਜਨ ਦਾ
ਸੱਚ ਭਰਦੀ ਹੈ
ਆਪਣੇ ਆਪ ਨੂੰ
ਇਨਸਾਨੀਅਤ ਦੇ ਤਰਾਜ਼ੂ 'ਚ
ਤੋਲਦੀ ਹੈ
ਲੋਕਾਂ ਦਾ ਸੱਚ ਜਿਉਂਦੀ ਹੈ
ਝੂਠ ਤੋਂ ਮੁਕਤੀ ਪਾਉਂਦੀ ਹੈ

ਮਨੁੱਖ ਨੂੰ ਸਿਮਰਦੀ ਹੈ
ਮਨੁੱਖ ਨੂੰ ਧਿਆਉਂਦੀ ਹੈ
ਪਹਿਲਾਂ
ਆਪਣਾ ਆਪ
ਸ਼ੁੱਧ ਕਰਦੀ ਹੈ
ਫਿਰ ਜੀਵਨ ਪ੍ਰਯੋਜਨ
ਦਾ ਸੱਚ
ਆਧੁਨਿਕ ਮਨੁੱਖ ਤੇ
ਸਮਾਜ ਦੀ ਤਲੀ ਤੇ ਧਰਦੀ ਹੈ
ਆਧੁਨਿਕ
ਮਨੁੱਖ ਤੇ ਸਮਾਜ
ਇਸ ਜੀਵਨ ਪ੍ਰਯੋਜਨ ਨੂੰ
ਆਪਣੇ ਸੁਭਾਅ 'ਚ
ਢਾਲਦਾ ਹੈ
ਆਪਣੀ
ਸਾਰੀ ਦੀ ਸਾਰੀ ਸਰੀਰਕ
ਕਾਰਜ ਪ੍ਰਣਾਲ਼ੀ 'ਚ ਉਤਾਰਦਾ ਹੈ
ਫਿਰ
ਇਹ ਜੀਵਨ ਪ੍ਰਯੋਜਨ
ਮਨੁੱਖ ਤੇ ਸਮਾਜ ਦੇ ਸੁਭਾਅ ਦਾ
ਸੱਚ ਹੋ ਜਾਂਦਾ ਹੈ

ਰੋਮ ਰੋਮ 'ਚ ਵਸ ਜਾਂਦਾ ਹੈ
ਫਿਰ ਮਨੁੱਖ ਤੇ ਸਮਾਜ
ਇਸ ਦਾ ਆਦੀ ਹੋ ਜਾਂਦਾ ਹੈ
ਇਸ ਦਾ ਵਜੂਦ
ਇਸ ਦੀ ਆਬਾਦੀ ਹੋ ਜਾਂਦਾ ਹੈ
ਇਸ 'ਚ ਵਸਦਾ ਹੈ
ਇਸ ਨੂੰ
ਆਪਣੇ 'ਚ ਵਸਾਉਂਦਾ ਹੈ
ਆਪਣੇ ਲਹੂ 'ਚ
ਘੋਲਦਾ ਹੈ
ਇਸਦੇ ਸਾਹਾਂ 'ਚ ਉਤਰ ਜਾਂਦਾ ਹੈ
ਆਧੁਨਿਕਤਾ
ਆਪਣੇ ਸਮੂਹਕ ਲਕਸ਼ ਲਈ
ਤਾਕਤ ਤੋਂ ਨਹੀਂ
ਸੂਝ ਸਿਆਣਫ਼ ਤੇ ਸੰਯਮ
ਤੋਂ ਕੰਮ ਲੈਂਦੀ ਹੈ
ਮਨੁੱਖੀ
ਵਿਚਰਨ ਧਰਾਤਲ ਵਿਚਾਰਦੀ ਹੈ
ਸਮਾਜ ਮਨੁੱਖਤਾ
ਤੇ ਵਿਸ਼ਵ ਦਾ ਲਕਸ਼
ਆਪਣੀ ਦੇਹ 'ਚ ਉਤਾਰਦੀ ਹੈ

ਸਮਾਜ ਦੀ
ਪਰਤ-ਦਰ-ਪਰਤ ਖੋਲ੍ਹਦੀ ਹੈ
ਫਿਰ ਗਲਤ ਦਾ ਗਲਤ
ਸਹੀ ਦਾ ਸਹੀ
ਝੂਠ ਦਾ ਝੂਠ ਤੋਲਦੀ ਹੈ
ਆਧੁਨਿਕ ਚੇਤਨਾ
ਸਮਾਜ ਨੂੰ ਪੁਣਦੀ ਛਾਣਦੀ
ਤੇ ਰੋਲਦੀ ਹੈ
ਸਮਾਜ ਦੇ ਲਹੂ 'ਚ
ਉਤਰਦੀ ਹੈ
ਸਮਾਜ ਦਾ ਪ੍ਰਯੋਜਨ
ਪ੍ਰਯੋਜਨ ਦਾ ਸੱਚ ਜਾਣਦੀ ਹੈ
ਪ੍ਰਯੋਜਨ ਪੂਰਤੀ ਲਈ
ਸਾਕਾਰ ਰਾਹ ਭਾਲਦੀ ਹੈ
ਜਿਸ ਤੇ ਤੁਰਦਾ ਮਨੁੱਖ
ਸਮਾਜ ਵਿਸ਼ਵ
ਤੇ ਆਪਣੇ ਪ੍ਰਯੋਜਨ ਦੇ
ਸੱਚ ਨੂੰ ਪਾਵੇ
ਆਪਣੇ ਸਫ਼ਰ ਦੀ ਸੰਤੁਸ਼ਟੀ ਦਾ
ਆਨੰਦ ਮਾਣੇ
ਆਪਣੇ ਪਛਤਾਵੇ ਤੋਂ ਹੋ ਦੂਰ ਜਾਵੇ

ਆਧੁਨਿਕਤਾ
ਮਨੁੱਖ ਦੁਆਲੇ ਵਿਚਰਨ
ਧਰਾਤਲ ਦੀ
ਸਾਕਾਰਕਤਾ ਤੇ ਉਪਰਾਮਤਾ ਹੰਢਾਉਂਦੀ ਹੈ
ਮਨੁੱਖ ਦੇ ਗਿਆਨ ਦੇ ਆਧਾਰ ਤੇ
ਸੂਝ ਸਿਆਣਫ਼ ਤੇ ਸੰਯਮ 'ਚ
ਉਤਰ ਜਾਂਦੀ ਹੈ
ਮਨੁੱਖ ਆਪਣੇ ਦੁਆਲੇ ਪ੍ਰਤੀ
ਕਿੰਨਾ ਸਾਕਾਰਆਤਮਕ ਹੈ
ਉਸਾਰੂ ਹੈ
ਸਮਾਜ ਨੂੰ ਉਸਦੀ ਦੇਣ
ਉਸਨੂੰ ਸਮਾਜ ਦੀ ਦੇਣ
ਕੀ ਹੈ ਵਿਚਾਰਦੀ ਹੈ
ਉਸ ਦਾ ਸਿੱਟਾ
ਆਪਣੇ ਲਹੂ ਆਪਣੇ ਸੁਭਾਅ 'ਚ
ਉਤਾਰਦੀ ਹੈ
ਆਧੁਨਿਕਤਾ
ਜੀਵਨਗਤੀ ਲਈ
ਮਨੁੱਖ ਤੇ ਸਮਾਜ ਦੇ
ਕਰਮ ਪ੍ਰਤੀ ਕਰਮ ਨੂੰ
ਆਲੋਚਨਾਤਮਕ ਦ੍ਰਿਸ਼ਟੀ ਤੋਂ
ਤੱਕਦੀ ਹੈ

ਮਨੁੱਖੀ ਸ਼ਕਤੀ ਨੂੰ
ਸੂਝ ਸਿਆਣਫ਼ ਤੇ ਮਨੁੱਖਤਾ ਦੀ
ਭਲਾਈ ਲਈ ਵਰਤਦੀ ਹੈ
ਮਨੁੱਖ ਤੇ ਮਨੁੱਖੀ ਸਮਾਜ
ਦੇ ਹਨ੍ਹੇਰੇ ਹਰਦੀ ਹੈ
ਮਿੱਟੀ ਦੇ ਦੀਵਿਆਂ ਦੀ ਥਾਂ
ਮੱਘਦੇ ਸੂਰਜ ਧਰਦੀ ਹੈ
ਤਾਂ ਕਿ ਮਨੁੱਖ ਤੇ ਸਮਾਜ
ਰੁਸ਼ਨਾ ਸਕੇ
ਆਪਣੇ ਆਪ ਨੂੰ ਸੁੰਦਰ ਲੱਗੇ
ਆਪਣੇ ਆਪ ਨੂੰ ਭਾਅ ਸਕੇ
ਇਕ ਦੂਜੇ ਲਈ
ਆਕਰਸ਼ਤ ਹੋ ਸਕੇ
ਵਿੱਥਾਂ ਮਿਟਾ ਸਕੇ
ਹਨ੍ਹੇਰੇ ਸਮੇਟੇ
ਚਾਨਣ ਫੈਲਾਅ ਸਕੇ

-0-

ਆਧੁਨਿਕਤਾ ਦਾ ਮੰਤਵ
ਇਸ ਵਸਤੂ ਸੰਸਾਰ ਤੇ
ਪਦਾਰਥਕ ਜੀਵਨ ਤਕ ਹੀ
ਸੀਮਤ ਨਹੀਂ
ਆਧੁਨਿਕ ਚੇਤਨਾ ਅਮੁੱਲ ਹੈ
ਇਸ ਦੀ ਕੋਈ ਕੀਮਤ ਨਹੀਂ

ਇਹ ਵਿਸ਼ਾਲ ਹੈ
ਅਸੀਮ ਹੈ ਦੁਰਲਭ ਹੈ
ਅਜ਼ੀਮ ਹੈ
ਮਨੁੱਖ ਦਾ ਅਧਿਆਤਮਕ
ਜੀਵਨ ਵੀ
ਆਧੁਨਿਕਤਾ ਦੇ ਖੇਤਰ 'ਚ ਹੈ
ਇਸ ਦੀ ਸੀਮਾ
ਇਤਨੀ ਵਿਸ਼ਾਲ ਹੈ
ਕਿ ਵਸਤੂ ਸੰਸਾਰ ਤੋਂ
ਅਗੇਰੇ ਦਾ ਜੀਵਨ ਵੀ
ਇਸ ਦੇ ਪਸਾਰੇ 'ਚ ਹੈ
ਅਧਿਆਤਮਕ ਜੀਵਨ ਪ੍ਰਤੀ
ਆਧੁਨਿਕਤਾ ਖੋਜ ਦੀ ਧਾਰਨੀ ਹੈ
ਜੀਵਨ ਜੋ ਮੌਤ ਤੋਂ ਪਿਛੋਂ ਵੀ ਹੈ
ਪਹਿਲਾਂ ਵੀ ਹੈ
ਉਸ ਜੀਵਨ 'ਚ
ਆਧੁਨਿਕ ਚੇਤਨਾ ਉਤਾਰਦੀ ਹੈ
ਅਧਿਆਤਮਕ ਸੱਚ ਦਾ ਮੂਲ
ਪਹਿਚਾਣਦੀ ਹੈ
ਜੀਵਨ ਜਿੱਡਾ ਵਿਸ਼ਾਲ
ਆਧੁਨਿਕਤਾ ਦਾ ਘੇਰਾ ਹੈ

ਕਲਪਣਾ ਤੋਂ ਬਾਹਰ
ਦੇ ਸਫ਼ਰ 'ਚ ਵੀ ਇਸਦਾ ਵਸੇਰਾ ਹੈ
ਜੇ ਸਮੁੰਦਰ 'ਚ ਬੂੰਦ ਹੈ
ਤਾਂ ਬੂੰਦ 'ਚ ਸਮੁੰਦਰ ਹੈ
ਆਪਣੇ ਆਪ 'ਚ ਦੋਹਾਂ ਦੀ
ਹਸਤੀ ਅਸੀਮ ਹੈ
ਆਧੁਨਿਕਤਾ
ਮਨੁੱਖੀ ਹੋਂਦ ਦੀ ਤਲਾਸ਼ ਹੈ
ਮਨੁੱਖੀ ਅਧਿਆਤਮਕ ਸੱਚ
ਆਧੁਨਿਕਤਾ ਦੀ ਮਾਨਸਿਕਤਾ
ਨਾਲ ਜੁੜਦਾ ਹੈ
ਅਧਿਆਤਮਿਕਤਾ ਤੇ
ਆਧੁਨਿਕਤਾ ਦਾ ਸਫ਼ਰ
ਨਾਲ ਨਾਲ ਤੁਰਦਾ ਹੈ

-0-

ਆਧੁਨਿਕਤਾ
ਗਿਆਨ ਵਿਗਿਆਨ
ਦਰਸ਼ਨ ਤੇ ਬੌਧਿਕਤਾ ਦੀ
ਮਿਸ਼ਰਤ ਧਾਰਾ ਹੈ
ਆਧੁਨਿਕ ਚੇਤਨਾ 'ਚ
ਵਿਸ਼ਵ ਚੇਤਨਾ ਦਾ ਵਜੂਦ ਸਾਰਾ ਹੈ

ਜੇ ਆਧੁਨਿਕਤਾ
ਮਨੁੱਖ ਤੇ ਸਮਾਜ ਦੇ
ਸੰਤੁਲਨ ਸੰਯਮ ਦੀ ਪ੍ਰਤੀਕ ਹੈ
ਤਾਂ ਆਧੁਨਿਕ ਚੇਤਨਾ
ਜਜ਼ਬਾਤ ਤੇ ਦਲੀਲ
ਦੇ ਵਿਚਾਲੇ ਦੀ ਲੀਕ ਹੈ
ਆਧੁਨਿਕਤਾ ਦਾ ਸੁਭਾਅ
ਸੀਮਾਂ ਸੰਭਾਵਨਾਵਾਂ ਦਾ ਘੇਰਾ
ਵਿਸਥਾਰ
ਵਿਗਿਆਨਕ ਤੇ ਤਰਕਸ਼ੀਲ ਹੈ
ਇਿਸਦੀ ਕਾਰਜ ਪ੍ਰਣਾਲੀ
ਜਜ਼ਬਾਤ ਤੇ ਦਲੀਲ ਦਾ ਸੁਮੇਲ ਹੈ
ਜਿੱਥੇ ਆਧੁਨਿਕਤਾ
ਖ਼ੁਦ ਸਿਆਣਪ ਦਾ ਵਜੂਦ ਹੈ
ਉਥੇ ਜੀਵਨ ਪ੍ਰਤੀ
ਵਿਗਿਆਨਕ ਦ੍ਰਿਸ਼ਟੀਕੋਣ
ਸੰਤੁਲਨਤਾ ਤੇ ਸੰਯਮ
ਇਸ 'ਚ ਮੌਜੂਦ ਹੈ
ਜੀਵਨ ਕਾਰਜ ਪ੍ਰਣਾਲੀ ਨੂੰ
ਜੀਵਨ ਗਤੀ ਨੂੰ
ਵਿਗਿਆਨਕ ਵੇਗ ਪ੍ਰਦਾਨ
ਕਰਦੀ ਹੈ

ਸੱਚ ਸੁੰਦਰਤਾ ਕਲਿਆਣ
ਪਿਆਰ ਸਾਂਝੀਵਾਲਤਾ
ਏਕਤਾ ਦਾ ਬਲ ਤੇ ਸੱਚ
ਜੀਵਨ ਦੀ ਤਲੀ ਤੇ ਧਰਦੀ ਹੈ
ਆਧੁਨਿਕਤਾ
ਜੀਵਨ ਨੂੰ ਮਨੁੱਖ ਨੂੰ
ਇਕ ਦੂਜੇ ਪ੍ਰਤੀ
ਵਿਗਿਆਨਕ ਸੁਭਾਅ ਦਾ
ਧਾਰਨੀ ਬਣਾਉਂਦੀ ਹੈ
ਸੰਸਕਾਰਾਂ ਰਸਮਾਂ ਰੀਤਾਂ ਰਿਵਾਜ਼ਾਂ
ਜੋ ਸਮੇਂ ਸੰਗ ਫਿੱਕੇ ਪੈ ਗਏ ਹਨ
ਉਨ੍ਹਾਂ ਦਾ ਮੁਲ਼ਾਂਕਣ ਕਰ
ਸਮੇਂ ਤੇ ਮਨੁੱਖਤਾ ਅਨੁਕੂਲ
ਇਨ੍ਹਾਂ ਦਾ ਕਾਇਆ ਕਲਪ ਕਰਦੀ ਹੈ
ਜੀਵਨ ਲਈ
ਇਨ੍ਹਾਂ 'ਚ ਸ਼ਕਤੀ ਭਰਦੀ ਹੈ
ਆਧੁਨਿਕਤਾ ਦਾ
ਇਹ ਮੂਲ ਆਧਾਰ਼ ਹੈ
ਇਸ ਲਈ
ਹਰ ਸ਼ੈਅ ਦਾ ਮੁੱਲ ਹੈ
ਕੁਝ ਵੀ ਨਾ ਬੇਕਾਰ ਹੈ
ਮਨੁੱਖੀ ਕਲਚਰ ਸਭਿਆਚਾਰ
ਭਾਸ਼ਾ ਤੇ ਸੰਸਕਾਰਾਂ ਨੂੰ ਸੰਗ ਲੈ ਕੇ ਤੁਰਦੀ ਹੈ

ਵਰਤਮਾਨ 'ਚ ਜਿਉਂਦੀ ਹੈ
ਭੂਤ ਤੇ ਭਵਿੱਖ ਨਾਲ ਜੁੜਦੀ ਹੈ
ਮਨੁੱਖ ਨੂੰ ਸ਼ਮੇਂ ਦੇ ਹਾਣ ਦਾ
ਆਧੁਨਿਕ ਮਨੁੱਖ ਦੇ ਬਰਾਬਰ
ਖੜ੍ਹਾ ਕਰਨਾ
ਆਧੁਨਿਕਤਾ ਦਾ ਧਰਮ ਹੈ
ਬਲਹੀਣ ਨੂੰ ਬਲਵਾਨ ਕਰਨਾ
ਆਧੁਨਿਕਤਾ ਦਾ ਕਰਮ ਹੈ
ਤਾਂ ਕਿ ਮਨੁੱਖ ਤੰਦਰੁਸਤ
ਸਿਹਤਮੰਦ ਖੁਸ਼ਹਾਲ ਜੀਵਨ
ਆਪਣੇ ਅਨੁਸਾਰ ਜੀਅ ਸਕੇ
ਮਨੁੱਖ ਦੇ ਭਵਿੱਖ 'ਚ
ਨਵੀਂ ਰੌਸ਼ਨੀ
ਨਵੇਂ ਸੂਰਜਾਂ ਦਾ ਆਗਾਜ਼ ਹੋ ਸਕੇ
ਜੀਵਨ ਦੀ ਕੁੜੱਤਣ ਦੀ ਥਾਂ
ਮਨੁੱਖ
ਜੀਵਨ ਅੰਮ੍ਰਿਤ ਪੀ ਸਕੇ
ਆਧੁਨਿਕ ਵਿਚਾਰਧਾਰਾ
ਮਨੁੱਖ ਦੀ ਉਹ ਅੱਖ ਹੈ
ਜਿਸ ਨਾਲ ਉਹ
ਬ੍ਰਹਿਮੰਡਤਾ ਦਿਸਹੱਦਿਆਂ
ਸਮੁੰਦਰਾਂ ਪਹਾੜਾਂ ਜੰਗਲਾਂ

ਸਮੂਹਕ ਵਿਸ਼ਵ ਨੂੰ
ਸੰਤੁਲਨ ਰੂਪ 'ਚ ਵੇਖ ਸਕਦੀ ਹੈ
ਇਹ ਆਧੁਨਿਕ ਅੱਖ
ਮਨੁੱਖ ਦਾ ਅੱਗਾ ਵੀ ਵੇਖਦੀ ਹੈ
ਪਿੱਛਾ ਵੀ ਵੇਖਦੀ ਹੈ
ਅਨੁਭਵ ਕੀਤਾ ਵੀ ਪਹਿਚਾਣਦੀ ਹੈ
ਡਿੱਠਾ ਅਡਿੱਠਾ ਵੀ ਵੇਖਦੀ ਹੈ
ਸਮੂਹਕ ਬ੍ਰਹਿਮੰਡ ਦਾ ਅਕਸ
ਇਸ ਅੱਖ 'ਚ ਮੌਜੂਦ ਹੈ
ਕੁੱਲ ਬ੍ਰਹਿਮੰਡ
ਇਸ ਅੱਖ ਦਾ ਵਜੂਦ ਹੈ
ਇਹ ਅਦਿੱਖ ਸੰਕਲਪ
ਸੁਫ਼ਨਾ ਖ਼ਿਆਲ
ਯਥਾਰਥਕ ਤੇ ਸੱਚ ਦੀ ਦੁਨੀਆਂ 'ਚ
ਜਿਉਂਦੀ ਹੈ
ਆਪਣੇ ਪਿੰਡੇ ਤੇ
ਸਭ ਦਾ ਸੱਚ ਹੰਢਾਉਂਦੀ ਹੈ
ਆਧੁਨਿਕ ਮਨੁੱਖ ਦੇ ਸੰਕਲਪ
ਸਿਰਜਕ ਸੱਚ ਚੋਂ
ਨਜ਼ਰ ਆਉਂਦੀ ਹੈ
ਮਨੁੱਖ ਨੂੰ
ਆਪਣਾ ਕਾਇਆਕਲਪ ਕਰਨ ਲਈ
ਪ੍ਰੇਰਦੀ ਹੈ

ਮਨੁੱਖ ਦਾ ਆਪਾ
ਉਧੇੜਦੀ ਹੈ
ਉਸ ਨੂੰ ਸੱਚ ਵਿਖਾਉਂਦੀ ਹੈ
ਸੂਰਜਾਂ ਦੇ ਰਾਹ ਪਾਉਂਦੀ ਹੈ
ਮਨੁੱਖ ਆਪਣੇ ਸਫ਼ਰ 'ਚ
ਸਫ਼ਲ ਹੈ ਜਾਂ ਨਹੀਂ
ਆਧੁਨਿਕਤਾ ਇਸ ਵਿਚ
ਵਿਸ਼ਵਾਸ ਨਹੀਂ ਰੱਖਦੀ
ਆਧੁਨਿਕਤਾ
ਮਨੁੱਖ ਦੀ ਸਫ਼ਲਤਾ ਦੇ
ਯਤਨ 'ਚ ਵਿਸ਼ਵਾਸ ਰੱਖਦੀ ਹੈ
ਹਮੇਸ਼ਾਂ ਆਸ ਤੇ ਜਿਉਂਦੀ ਹੈ
ਆਸ ਦਾ ਧਰਵਾਸ ਰੱਖਦੀ ਹੈ

-0-

ਆਧੁਨਿਕਤਾ
ਮਨੁੱਖ ਦੀ ਅਸੀਮਤਾ ਹੈ
ਸੋਚ ਦੀ ਪ੍ਰਾਪਤੀ ਤੇ ਪ੍ਰਗਟਾਅ
ਦਾ ਦਰਪਣ ਹੈ
ਨਾ ਚਿਹਰੇ ਦਾ ਭਰਮ ਹੈ
ਨਾ ਦਰਪਣ ਦਾ ਭਰਮ ਹੈ
ਪੱਥਰਾਂ ਨੂੰ ਗਤੀਆਂ ਅਨੁਭਵ
ਕਰਾਉਂਦੀ ਹੈ
ਗਤੀਸ਼ੀਲਤਾ ਦੇ ਦਵੰਦ ਤਕ
ਅੱਪੜ ਜਾਂਦੀ ਹੈ

ਪੱਥਰਾਂ ਦੇ ਬੁੱਤਾਂ ਨੂੰ
ਪੂਜਦੀ ਨਹੀਂ
ਬਲਕਿ ਬੁੱਤਾਂ ਨੂੰ ਤੋੜ
ਬੁੱਤਾਂ ਵਿਚਲਾ ਰੱਬੀ ਭਰਮ
ਮਿਟਾਉਂਦੀ ਹੈ
ਜਿਵੇਂ ਮਨੁੱਖ ਦਾ ਧਰਮ ਹੈ
ਸੱਚ ਲਈ ਸਭ ਕੁੱਝ ਕੁਰਬਾਨ ਕਰਨਾ
ਇਸ ਕਾਰਜ ਲਈ
ਸਿਰ ਤਲੀ ਤੇ ਧਰਨਾ
ਆਧੁਨਿਕਤਾ
ਮਨੁੱਖ ਸਮਾਜ ਦੇ ਵਿਸ਼ਵ
ਸਿਰਜਣਾ
ਆਪਣਾ ਧਰਮ ਸਮਝਦੀ ਹੈ
ਆਧੁਨਿਕਤਾ ਨਾ ਕੋਈ
ਧਾਰਮਿਕ ਇਰਾਦਾ ਹੈ
ਸਗੋਂ ਮਨੁੱਖਤਾ ਦੀ ਲੋੜ ਹੈ
ਲੋੜ ਦਾ ਵਾਅਦਾ ਹੈ
ਆਧੁਨਿਕਤਾ
ਪ੍ਰਾਂਤਿਕ ਮੁਲਕੀ ਤੇ ਵਿਸ਼ਵ
ਕਿਰਦਾਰ
ਮਨੁੱਖ ਦੇ ਜਨਮ ਤੋਂ ਹੀ
ਮਨੁੱਖ 'ਚ ਉਤਾਰਦੀ ਹੈ

ਅਨੁਸ਼ਾਸਨ
ਘੁੱਟ ਘੁੱਟ ਕੇ ਭਰਦੀ ਹੈ
ਪ੍ਰਾਂਤਿਕ ਮੁਲਕੀ ਤੇ ਵਿਸ਼ਵ
ਕਿਰਦਾਰ ਤੇ ਅਨੁਸ਼ਾਸਨ
ਆਧੁਨਿਕਤਾ
ਆਪਣੀ ਟਕਸਾਲ 'ਚ ਘੜਦੀ ਹੈ
ਅਨੁਸ਼ਾਸਨ ਤੇ ਕਿਰਦਾਰ ਦੇ ਅਰਥ
ਮਨੁੱਖ ਦੇ ਲਹੂ 'ਚ ਉਤਾਰਦੀ ਹੈ
ਮਨੁੱਖ ਦੀ ਮਾਨਸਿਕਤਾ 'ਚ
ਘੋਲਦੀ ਹੈ
ਮਨੁੱਖ ਦੀ ਹੋਂਦ
ਅਨੁਸ਼ਾਸਨ ਤੇ ਕਿਰਦਾਰ ਦੀ
ਤੱਕੜੀ 'ਚ ਤੋਲਦੀ ਹੈ
ਆਧੁਨਿਕ ਮਨੁੱਖ ਤੇ ਸਮਾਜ ਦੇ
ਇਹ ਦੋਵੇਂ ਤੱਤ
ਨੀਂਹ ਹਨ ਮੂਲ ਹਨ
ਸੱਚ ਹਨ ਆਧਾਰ ਹਨ
ਇਨ੍ਹਾਂ ਤੋਂ ਬਿਨ੍ਹਾਂ
ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ ਦੀ
ਸਿਰਜਣਾ ਅਸੰਭਵ ਹੈ

ਜਿਸ ਵੀ ਕੌਮ ਜਾਂ ਦੇਸ਼ 'ਚ
ਇਨ੍ਹਾਂ ਤੱਤਾਂ ਦੀ ਘਾਟ ਹੈ
ਉਹ ਕੌਮ ਉਹ ਦੇਸ਼
ਇਕ ਦਿਨ ਦੁਨੀਆਂ ਦੇ ਨਕਸ਼ੇ
ਤੋਂ ਆਲੋਪ ਹੈ
ਆਪਣੇ ਹਨ੍ਹੇਰੇ ਆਪਣੀ ਚੁੱਪ 'ਚ
ਗਰਕ ਹੋ ਜਾਏਗਾ
ਸਵਰਗ ਤੋਂ ਕੁਝ ਹੀ ਸਮੇਂ 'ਚ
ਨਰਕ ਹੋ ਜਾਏਗਾ
ਇਨ੍ਹਾਂ ਦੋਹਾਂ ਤੱਤਾਂ ਦੀ ਮਾਤਰਾ
ਪੱਛਮੀ ਮੁਲ਼ਕਾਂ 'ਚ
ਕਾਫ਼ੀ ਹੱਦ ਤਕ ਮੌਜ਼ੂਦ ਹੈ
ਪੂਰਬੀ ਮੁਲਕਾਂ 'ਚ
ਇਨ੍ਹਾਂ ਤੱਤਾਂ ਦਾ ਨਾ ਮਾਤਰ
ਵਜ਼ੂਦ ਹੈ
ਜਿਸ ਮੁਲਕ 'ਚ ਵੀ
ਇਨ੍ਹਾਂ ਤੱਤਾਂ ਦੀ ਘਾਟ ਹੈ
ਉਥੇ ਰਿਸ਼ਵਤਖੋਰੀ
ਭਰਿਸ਼ਟਾਚਾਰ ਹੇਰਾ ਫੇਰੀ
ਬੇਇਮਾਨੀ ਕੂੜ ਤੇ ਫ਼ਰੇਬ ਦਾ
ਰਾਜ ਹੈ
ਇਨ੍ਹਾਂ ਤੱਤਾਂ ਤੋਂ ਬਿਨਾਂ
ਮੁਲਕ ਦਾ ਕੋਈ ਵੀ ਵਿਭਾਗ

ਰਾਜਨੀਤਕ ਆਰਥਕ
ਸਮਾਜਕ ਸੰਚਾਰ ਪੁਲੀਸ
ਖੇਤੀਬਾੜੀ ਸਿਹਤ ਤੇ ਵਿਦਿਅਕ
ਪ੍ਰਦੂਸ਼ਣ ਭਰਪੂਰ ਹੋਵੇਗਾ
ਅਫ਼ਸਰਸ਼ਾਹੀ ਸ਼ਾਸਨ ਪ੍ਰਣਾਲੀ
ਰਿਸ਼ਵਤਖੋਰੀ
ਤੇ ਭਰਿਸ਼ਟਾਚਾਰੀ 'ਚ ਚੂਰ ਹੋਵੇਗੀ
ਅਨਿਆਂਏ ਕੂੜ ਤੇ ਆਸ਼ਾਂਤੀ ਦਾ
ਮੁਲਕ ਸ਼ਿਕਾਰ ਹੋਵੇਗਾ
ਮੁਲਕ ਦਾ ਭਵਿੱਖ
ਹਨ੍ਹੇਰੇ 'ਚ ਨਸ਼ਟ ਹੋਵੇਗਾ
ਬੀਮਾਰੀ ਗਰੀਬੀ
ਬੇਰੁਜ਼ਗਾਰੀ ਦਾ ਬਜ਼ਾਰ ਗਰਮ
ਹੋਵੇਗਾ
ਮੁਲਕੀ ਕਿਰਦਾਰ ਤੇ ਅਨੁਸ਼ਾਸਨ
ਮੁਲਕ ਦੀ ਕਾਰਜ ਪ੍ਰਣਾਲੀ 'ਚ
ਸ਼ੁਧਤਾ ਸਪੱਸ਼ਟਤਾ ਨਿਆਂਏ
ਤੇ ਸ਼ਾਸਨ 'ਚ ਉੱਜਲੇ ਭਵਿੱਖ ਦੇ
ਸੂਰਜ ਧਰਦੇ ਹਨ
ਸੱਚ ਸੁੰਦਰਤਾ ਤੇ ਕਲਿਆਣ ਸੰਗ
ਹਰ ਮੈਦਾਨ
ਫ਼ਤਹਿ ਕਰਦੇ ਹਨ
'ਇਕ ਚੰਗਾ ਪੰਜਾਬੀ

ਚੰਗਾ ਬੰਗਾਲੀ ਚੰਗਾ ਮਰਾਠੀ
ਚੰਗਾ ਹਰਿਆਣਵੀ
ਚੰਗਾ ਹਿਮਾਚਲੀ
ਚੰਗਾ ਭਾਰਤੀ ਹੋ ਸਕਦਾ ਹੈ
ਚੰਗਾ ਭਾਰਤੀ
ਵਿਸ਼ਵ ਦਾ ਚੰਗਾ ਸ਼ਹਿਰੀ
ਹੋ ਸਕਦਾ ਹੈ
ਇਹ ਅਨੁਸ਼ਾਸਨ ਤੇ ਕਿਰਦਾਰ
ਸਰਕਾਰ ਦੀ ਕਾਰਜ ਪ੍ਰਣਾਲੀ
ਸਰਕਾਰੀ ਵਿਦਿਅਕ ਢਾਂਚਾ
ਆਪਣੇ ਸ਼ਹਿਰੀਆਂ 'ਚ
ਜਮਾਂਦਰੂ ਤੌਰ ਤੇ ਬੀਜਦਾ
ਉੱਗਦਾ ਤੇ ਉਸਾਰਦਾ ਹੈ
ਮੁਲਕ ਦੀ ਸਾਫ਼ ਸੁਥਰੀ
ਸ਼ਾਸਨ ਪ੍ਰਣਾਲੀ
ਲੋਕਾਂ ਦੀ ਸੁਰੱਖਸ਼ਾ ਸੁੱਖ
ਤੇ ਜੀਵਨ ਉਸਾਰੀ ਲਈ
ਅਮਨ ਕਾਇਮ ਰੱਖਣ ਲਈ
ਅਨੁਸ਼ਾਸਨ ਤੇ ਮੁਲਕੀ ਕਿਰਦਾਰ
ਦੋ ਲਾਜ਼ਮੀ ਤੱਤ ਹਨ
ਇਹ ਤੱਤ ਹੀ ਮੁਲਕ ਦੇ ਵਜ਼ੂਦ
ਮੁਲਕ ਦੀ ਹੋਂਦ ਦਾ ਸੱਚ ਹਨ

ਆਧੁਨਿਕ ਮਨੁੱਖ
ਤੇ ਸਮਾਜ ਦੀ
ਇਹ ਤੱਤ ਲਹੂ ਦੀ ਗਤੀ ਹਨ
ਸਮਾਜਕ ਸਫ਼ਰ ਦੀ
ਚਿਰੰਜੀਵਤਾ ਹਨ
ਮਨੁੱਖਤਾ ਦੇ ਸਾਕਾਰ ਸੁਭਾਅ ਦੇ
ਪ੍ਰਾਣ ਹਨ
ਇਨ੍ਹਾਂ ਦੀ ਹੋਂਦ
ਮਨੁੱਖ ਸਮਾਜ ਤੇ ਵਿਸ਼ਵ
ਦੀ ਜਾਨ ਹਨ
ਇਨ੍ਹਾਂ ਤੋਂ ਬਿਨਾਂ
ਨਾ ਆਧੁਨਿਕ ਮਨੁੱਖ ਦਾ
ਨਾ ਆਧੁਨਿਕ ਵਿਸ਼ਵ ਦਾ ਵਜ਼ੂਦ
ਸੰਭਵ ਹੈ
ਇਹ ਦੋ ਤੱਤ
ਆਧੁਨਿਕ ਵਿਸ਼ਵ ਦੇ ਪੈਰਾਂ ਦੀ
ਧਰਤ ਹਨ
ਸਿਰ ਦਾ ਅੰਬਰ ਹਨ
ਇਨ੍ਹਾਂ ਤੱਤਾਂ ਦੀ ਰੌਸ਼ਨੀ
ਮਨੁੱਖਤਾ ਦੇ ਲਹੂ 'ਚ ਜਗਦੀ ਹੈ
ਵਿਸ਼ਵ ਦਾ ਹਨ੍ਹੇਰਾ ਹਰਦੀ ਹੈ
ਜਦ ਇਹ ਤੱਤ

ਆਧੁਨਿਕ ਮਨੁੱਖ ਤੇ ਸਮਾਜ ਦੇ
ਵਿਚਰਨ ਧਰਾਤਲ 'ਚ
ਪ੍ਰਵੇਸ਼ ਕਰਦੇ ਹਨ
ਤਾਂ ਕਰੋੜਾਂ ਸੂਰਜਾਂ ਦਾ ਚਾਨਣ
ਆਧੁਨਿਕ ਮਨੁੱਖ ਤੇ ਸਮਾਜ ਦੇ
ਭਵਿੱਖ 'ਚ ਧਰਦੇ ਹਨ
ਪੂਰਬੀ ਮੁਲਕਾਂ 'ਚ
ਇਨ੍ਹਾਂ ਤੱਤਾਂ ਦੀ ਘਾਟ ਹੈ
ਇਸ ਲਈ ਪੂਰਬੀ ਮੁਲਕਾਂ 'ਚ
ਢਹਿੰਦੀਆਂ ਕਲਾ ਦਾ ਵਾਸ ਹੈ
ਇਹ ਤੱਤ ਮੁਲਕ ਦੀ
ਕਾਰਜ ਪ੍ਰਣਾਲੀ ਚੋਂ ਪ੍ਰਦੂਸ਼ਣ
ਦੂਰ ਕਰਦੇ ਹਨ
ਲੋਕਾਂ ਦੀ ਲੋਕਾਂ ਲਈ
ਲੋਕਾਂ ਵਲੋਂ ਸਰਕਾਰ ਦੇ
ਇਹ ਤੱਤ ਜਾਨ ਹਨ
ਲੋਕਾਂ ਵਲੋਂ ਸਰਕਾਰ ਲਈ
ਸਰਕਾਰ ਵਲੋਂ ਲੋਕਾਂ ਲਈ
ਇਹ ਤੱਤ ਫੁਰਮਾਨ ਹਨ
ਇਹ ਦੋ ਤੱਤ
ਲੋਕਾਂ ਤੇ ਸਰਕਾਰ ਦੇ ਯਥਾਰਥਕ
ਰੂਪ ਦਾ ਸੱਚ ਹਨ
ਪ੍ਰਗਟਾਅ ਹਨ

ਇਨ੍ਹਾਂ ਤੱਤਾਂ ਤੋਂ ਬਿਨਾਂ
ਮੁਲਕ ਦੇ ਮੂੰਹ ਤੇ ਚੀਚਕ
ਨਿਕਲ ਆਉਂਦੀ ਹੈ
ਸਾਰਾ ਮੁਲਕ ਕੂੜੇ ਦਾ ਢੇਰ
ਬਣਦਾ ਹੈ
ਮੁਲਕ ਦੀ ਸਭਿਅਤਾ
ਜੰਗਲੀ ਰੂਪ ਧਾਰਦੀ ਹੈ
ਪੂਰਬ ਇਨ੍ਹਾਂ ਤੱਤਾਂ ਤੋਂ ਹੀਣ ਹੈ
ਨਾ ਅਨੁਸ਼ਾਸਨ
ਨਾ ਕਿਰਦਾਰ ਦਾ ਦੀਨ ਹੈ
ਰਾਜਨੀਤਕ ਸਮਾਜਕ
ਆਰਥਕ ਵਜ਼ੂਦ
ਪੂਰਬੀ ਮੁਲਕਾਂ ਦੀ ਸ਼ਾਸਨ
ਪ੍ਰਣਾਲੀ ਦੇ
ਹਰ ਵਿਭਾਗ 'ਚ ਨਿਗਾਰ ਹੈ
ਪੱਛਮ ਵਰ ਹੈ ਮਨੁੱਖਤਾ ਲਈ
ਪੂਰਬ ਸਰਾਪ ਹੈ
ਨਾ ਪੂਰਬ ਦੇ ਰਹਿਬਰਾਂ
ਨਾ ਪੂਰਬ ਦੇ ਵਿਦਿਅਕ ਅਦਾਰਿਆਂ
ਅਨੁਸ਼ਾਸਨ ਬਾਰੇ
ਮੁਲਕੀ ਕਿਰਦਾਰ ਬਾਰੇ ਵਿਚਾਰਿਆ
ਪੂਰਬੀ ਮੁਲਕਾਂ ਆਪਣਾ ਮੂੰਹ
ਆਪਣੇ ਪੇਟ ਨੂੰ ਬਣਾ ਲਿਆ

ਜੋ ਕੁੱਝ ਵੀ ਪੇਟ ਨਾਲ ਬੱਝਾ ਹੈ
ਜਨਤਾ ਭੁੱਖੀ ਪਿਆਸੀ ਹੈ
ਜੋ ਕੁਰਸੀ ਤੇ ਹੈ ਬਸ ਉਹੀ
ਰੱਜਾ ਹੈ
ਪੂਰਬੀ ਮੁਲਕਾਂ ਦਾ ਨਿਗਾਰ
ਇਨ੍ਹਾਂ ਦੋ ਤੱਤਾਂ ਦੀ ਅਣਹੋਂਦ ਹੈ
ਤਕਰੀਬਨ ਸਾਰਾ ਹੀ ਪੂਰਬ
ਨਿਗਾਰ ਦਾ ਸ਼ਿਕਾਰ ਹੈ
ਪੂਰਬ ਦੀ ਗਰਦਨ ਤੇ
ਰਿਸ਼ਵਤਖੋਰੀ ਭਰਿਸ਼ਟਾਚਾਰੀ ਦੀ
ਲਟਕਦੀ ਤਲਵਾਰ ਹੈ

-0-

ਆਧੁਨਿਕਤਾ
ਅਜਿਹੇ ਮੁਲਕਾਂ ਤੋਂ ਸਬਕ
ਸਿੱਖਦੀ ਹੈ
ਹਰ ਪਲ ਆਪਣੀ ਪ੍ਰਯੋਗਸ਼ਾਲਾ 'ਚ
ਪ੍ਰਯੋਗਦੀ ਹੈ
ਆਪਣੇ ਆਪ ਦਾ ਸੁਧਾਰ ਕਰਦੀ ਹੈ
ਆਧੁਨਿਕ ਮਨੁੱਖ ਤੇ
ਆਧੁਨਿਕ ਸਮਾਜ ਦੇ ਸੰਕਲਪ ਤੋਂ ਪਹਿਲਾਂ
ਅਨੁਸ਼ਾਸਨ ਮੁਲਕੀ ਕਿਰਦਾਰ
ਵਿਸ਼ਵ ਕਿਰਦਾਰ ਦਾ ਬੀਜ

ਆਧੁਨਿਕ ਮਨੁੱਖ ਤੇ ਸਮਾਜ
ਦੀ ਧਰਤੀ 'ਚ ਬੀਜਦੀ ਹੈ
ਫਿਰ ਮਨੁੱਖ ਤੇ ਸਮਾਜ 'ਚ
ਉਸਾਰਦੀ ਹੈ
ਆਧੁਨਿਕਤਾ ਦੇ ਅਜਿਹੇ
ਵਿਸ਼ਾਲ ਸੰਕਲਪ ਦੀਆਂ
ਸੀਮਾਂ ਤੇ ਸੰਭਾਵਨਾਵਾਂ ਦਾ ਆਦਿ ਤਾਂ ਹੈ
ਅੰਤ ਨਹੀਂ
ਆਧੁਨਿਕਤਾ ਦੀ ਪੂਰੀ ਪ੍ਰੀਭਾਸ਼ਾ
ਸੰਕਲਪ ਸੀਮਾਂ ਤੇ ਸੰਭਾਵਨਾਵਾਂ ਨੂੰ
ਮੁਕੰਮਲ ਤੌਰ ਤੇ ਦਰਸਾਇਆ ਜਾ
ਨਹੀਂ ਸਕਦਾ
ਕਿਉਂਕਿ
ਆਧੁਨਿਕਤਾ ਮਨੁੱਖੀ
ਜ਼ਿੰਦਗੀ ਜਿੱਡੀ ਹੀ ਵਿਸ਼ਾਲ ਹੈ
ਸਮੇਂ ਦੇ ਆਰ ਪਾਰ ਹੈ
ਰੱਬੀ ਸੰਕਲਪ ਜਿੱਡਾ
ਇਸ ਦਾ ਆਕਾਰ ਹੈ

0 0 0

# ਆਧੁਨਿਕ ਮਨੁੱਖ

ਆਧੁਨਿਕ ਮਨੁੱਖ
ਨਵੀਆਂ ਦ੍ਰਿਸ਼ਟੀਆਂ ਨਵੀਆਂ ਸੋਚਾਂ
ਨਵੇਂ ਦਿਸਹੱਦਿਆਂ ਦਾ ਸੰਕਲਪ ਹੈ
ਉਹ ਤ੍ਰੈਕਾਲ ਮੁੱਖੀ ਹਰਫ਼ ਹੈ
ਜਿਸ ਦਾ ਅਰਥ
ਵਰਤਮਾਨ ਭੂਤ ਭਵਿੱਖ 'ਚ
ਇਕ ਸਮਾਨ ਹੈ
ਮਨੁੱਖਤਾ ਦੇ ਦਿਲ 'ਚ
ਜਿਸਦਾ ਸਥਾਨ ਹੈ
ਜਿਸਦੇ ਕਿਰਦਾਰ ਅਨੁਸ਼ਾਸਨ
ਵਿਚਰਨ ਧਰਾਤਲ 'ਚ
ਸੱਚ ਸੁੰਦਰਤਾ ਕਲਿਆਣ
ਸ਼ੁਮਾਰ ਹੈ
ਆਧੁਨਿਕ ਮਨੁੱਖ ਹੀ
ਆਧੁਨਿਕ ਵਿਸ਼ਵ ਦੀ
ਸ਼ਕਤੀ ਹੈ ਬੱਲ ਹੈ
ਉਹ ਨਾ ਆਉਣ ਵਾਲਾ
ਨਾ ਬੀਤਿਆ ਕੱਲ੍ਹ ਹੈ
ਉਹ ਸਿਰਫ਼ ਅੱਜ ਹੈ
ਅੱਜ ਜੋ ਭੂਤ 'ਚ ਵੀ ਅੱਜ ਹੈ

ਭਵਿੱਖ 'ਚ ਵੀ ਅੱਜ ਹੈ
ਵਰਤਮਾਨ 'ਚ ਵੀ ਅੱਜ ਹੈ
ਅੱਜ
ਜਿਸਦਾ ਕੋਈ ਭੂਤ ਨਹੀਂ
ਅੱਜ ਦਾ ਸਿਰਫ਼ ਅੱਜ ਹੈ
ਆਧੁਨਿਕ ਸਮਾਜ ਦਾ
ਯਥਾਰਥ ਆਧੁਨਿਕ ਮਨੁੱਖ ਹੈ
ਜਿਸ ਕੋਲ ਜੀਵਨ ਪ੍ਰਤੀ
ਆਧੁਨਿਕ ਚੇਤਨਾ ਹੈ
ਰੌਸ਼ਨੀ ਹੈ
ਨਵੇਂ ਸੂਰਜਾਂ
ਨਵੀਆਂ ਧਰਤੀਆਂ ਨਵੇਂ ਆਸਮਾਨਾਂ ਦਾ
ਸੰਕਲਪ ਹੈ
ਉਸਦਾ ਆਦਿ ਹੀ
ਉਸਦਾ ਹਸ਼ਰ ਹੈ
ਉਸਦੇ ਆਦਿ 'ਚ ਹੀ
ਉਸਦੇ ਹਸ਼ਰ ਦਾ ਬਸਰ ਹੈ
ਉਹ ਜਿੰਨਾ ਚਾਹੇ
ਆਪਣੇ ਵਿਚਲੇ ਮਨੁੱਖ ਨੂੰ
ਵਿਸਥਾਰ ਸਕਦਾ ਹੈ
ਬੇਪਨਾਹ ਚਾਨਣ ਆਪਣੇ 'ਚ

ਸਮਾਜ 'ਚ ਉਤਾਰ ਸਕਦਾ ਹੈ
ਸੱਚ ਸੁੰਦਰਤਾ ਕਲਿਆਣ
ਮੁਲਕੀ ਕਿਰਦਾਰ
ਅਨੁਸ਼ਾਸਨ
ਉਸਦਾ ਆਧਾਰ ਹੈ
ਉਸਦੀ ਸੋਚ
ਸਮਾਜ ਦਾ ਵਜ਼ੂਦ ਹੈ
ਆਧੁਨਿਕ ਵਿਸ਼ਵ
ਉਸ 'ਚ ਮੌਜ਼ੂਦ ਹੈ
ਆਧੁਨਿਕ ਮਨੁੱਖ ਦੀ ਹੋਂਦ
ਹਮੇਸ਼ਾ ਅੱਜ ਹੈ
ਉਸ ਚੋਂ ਬੀਤਿਆ ਤੇ
ਆਉਣ ਵਾਲਾ ਕੱਲ੍ਹ ਮੱਨਫ਼ੀ ਕਰੋ
ਬਾਕੀ ਜੋ ਵੀ ਬਚੇ
ਅੱਜ ਹੈ
ਅੱਜ ਹੀ ਉਸਦਾ ਚਿਹਰਾ ਮੋਹਰਾ
ਉਸਦੀ ਹੋਂਦ ਦਾ
ਸੱਚ ਹੈ
ਅੱਜ ਹੀ ਉਸਦਾ ਵਜ਼ੂਦ ਹੈ
ਨਿਰੰਤਰ ਹੈ
ਬਿਨ ਹੱਦ ਹਦੂਦ ਹੈ
ਉਸਦਾ ਅੱਜ

ਨ਼ਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ ਬਨ ਆਈ
ਏਕ ਨੂਰ ਤੇ ਸਭ ਜੱਗ ਉਪਜਿਓ
ਦਾ ਸੱਚ ਹੈ
ਆਕਾਰ ਹੈ ਪਾਸਾਰ ਹੈ
ਸਰਬਤ ਦਾ ਭਲਾ
ਸਰਬ ਸਾਂਝੀਵਾਲਤਾ
ਪਿਆਰ ਸ਼ਾਂਤੀ
ਮੁਲਕੀ ਕਿਰਦਾਰ ਅਨੁਸ਼ਾਸਨ
ਦਾ ਪ੍ਰਕਾਸ਼ ਹੈ
ਉਹ
ਆਧੁਨਿਕਤਾ ਦਾ ਚਿਹਰਾ ਹੈ
ਰੂਪ ਹੈ ਵਜੂਦ ਹੈ
ਆਧੁਨਿਕਤਾ ਦੇ ਅੰਬਰ ਦਾ
ਸੂਰਜ ਚੰਨ ਤਾਰਾ ਹੈ
ਆਪਣੇ ਆਪ ਦਾ ਹੀ ਨਹੀਂ
ਆਧੁਨਿਕ ਵਿਸ਼ਵ ਦਾ ਵੀ
ਸਹਾਰਾ ਹੈ
ਆਧੁਨਿਕ ਮਨੁੱਖ ਦਾ ਸਫ਼ਰ
ਲੋੜ ਅਨੁਸਾਰ
ਵਿਕਾਸ ਤੋਂ ਵਿਕਾਸ ਤੱਕ ਦਾ ਹੈ
ਅਜੋਕੇ ਸੰਸਾਰ 'ਚ

ਆਧੁਨਿਕ ਚੇਤਨ ਸਮਾਜ ਦੀ
ਬਹੁਤ ਘਾਟ ਹੈ
ਦੁਨੀਆਂ ਭਰੀ ਹੈ
ਮਨੁੱਖਾਂ ਨਾਲ
ਪਰ ਮਨੁੱਖ ਦੀ
ਵਿਰਲ਼ੀ ਵਿਰਲੀ ਜਾਤ ਹੈ
ਆਧੁਨਿਕ ਮਨੁੱਖ ਦਾ ਪੈਂਡਾਂ
ਸੰਭਵ ਹੈ ਅਸੰਭਵ ਨਹੀਂ
ਪਰ ਬਿਖਰਿਆ ਬਿਖਰਿਆ
ਕੁਰਬਾਨੀਆਂ ਨਾਲ ਭਰਿਆ ਹੈ
ਆਧੁਨਿਕ ਮਨੁੱਖ ਦਾ
ਸੰਕਲਪ ਵਿਸਥਾਰ ਹੈ
ਅਜੋਕੇ ਮਨੁੱਖ ਦਾ ਸੰਸਾਰ ਹੈ
ਇਸ ਫੁੱਲ ਦਾ ਖਿੜਣਾ
ਬੀਆ ਬਾਨਾ ਉਜਾੜਾਂ 'ਚ ਹੈ
ਮੌਸਮਾਂ ਰੁੱਤਾਂ ਰੰਗਾਂ ਮਹਿਕਾਂ
ਬਹਾਰਾਂ 'ਚ ਹੈ
ਅਜੋਕੇ ਸੰਸਾਰ 'ਚ
ਸਾਂਝੀਵਾਲਤਾ ਪਿਆਰ
ਅਮਨ ਇਮਾਨਦਾਰੀ ਨਾਲ
ਜੀਵਨ ਗੁਜ਼ਾਰਨਾ
ਅੰਸਭਵ ਹੈ

ਅਸਲ ਜੀਵਨ ਦੀ ਭਾਲ ਲਈ
ਮਨੁੱਖ ਦੇ ਪੈਰਾਂ ਹੇਠ ਨਾ
ਧਰਤ ਹੈ
ਨਾ ਸਿਰ ਤੇ ਅੰਬਰ
ਪਲ ਪਲ
ਉਸਨੂੰ ਮਰਨਾ ਪੈਂਦਾ ਹੈ
ਵੱਡੀਖੋਰੀ ਭਰਿਸ਼ਟਾਚਾਰ
ਸਮਾਜਕ ਕੋਹੜ ਤੇ ਅਨਿਆਂਏ
ਦੀ ਸੂਲੀ ਚੜ੍ਹਣਾ ਪੈਂਦਾ ਹੈ
ਆਪਣੇ ਜਿਉਣ ਲਈ
ਥਾਂ ਥਾਂ ਠੋਕਰਾਂ ਖਾਂਦਾ ਹੈ
ਸ਼ਾਂਤ ਜੀਵਨ ਲਈ
ਮੌਤ ਦੀ ਜੂਨ ਹੰਢਾਉਂਦਾ ਹੈ
ਇਸ ਕਾਮ ਕ੍ਰੋਧ ਲੋਭ ਮੋਹ
ਹੰਕਾਰੀ ਸਮਾਜ 'ਚ
ਆਧੁਨਿਕ ਮਨੁੱਖ ਦੇ ਸੰਕਲਪ ਤੋਂ
ਵਿਕਾਸ ਤਕ ਦਾ ਸਫ਼ਰ
ਬੜਾ ਔਖਾ ਹੈ
ਕਿਉਂਕਿ
ਉਹ ਸੱਚਾ ਤੇ ਸੁੱਚਾ ਮਨੁੱਖ ਹੈ
ਪਰ ਉਸਦੇ
ਦੁਆਲੇ ਧੋਖਾ ਹੈ

ਉਸਨੂੰ
ਆਪਣੇ ਜਿਉਣ ਲਈ
ਕੁਝ ਵੀ ਕਰਨਾ ਪੈਂਦਾ ਹੈ
ਮਰ ਮਰ ਕੇ ਜਿਊਣਾ ਪੈਂਦਾ ਹੈ
ਹਰ ਰੋਜ਼
ਇਕ ਅੱਗ ਦਾ ਦਰਿਆ
ਤਰਨਾ ਪੈਂਦਾ ਹੈ
ਆਧੁਨਿਕ ਮਨੁੱਖ
ਉਹ ਕੰਵਲ ਹੈ
ਜੋ ਚਿੱਕੜ ਚੋਂ ਉੱਗੇਗਾ
ਝੂਠੇ ਫਰੇਬੀ ਧੋਖੇਬਾਜ਼
ਸੰਸਾਰ ਦੀ ਤਲੀ ਤੇ
ਇਕ ਦਿਨ ਉਸਦਾ ਸੱਚ ਪੁੱਗੇਗਾ
ਕਿਉਂਕਿ
ਅਜੋਕੇ ਮਨੁੱਖ ਨੂੰ
ਆਧੁਨਿਕ ਮਨੁੱਖ ਦੀ ਲੋੜ ਹੈ
ਆਧੁਨਿਕ ਸਮਾਜ
ਆਧੁਨਿਕ ਵਿਸ਼ਵ ਦੀ ਲੋੜ ਹੈ
ਲੋੜ ਜਦ ਸ਼ਕਤੀ ਦਾ ਰੂਪ ਧਾਰਦੀ ਹੈ
ਤਾਂ
ਆਪਣੇ ਸਿਰ ਤੋਂ
ਪਹਾੜਾਂ ਦਾ ਬੋਝ ਉਤਾਰਦੀ ਹੈ

ਸਾਗਰ ਤਰ ਜਾਂਦੀ ਹੈ
ਹਰ ਕੀਮਤ ਤੇ ਆਪਣੀ ਲੋੜ ਦੀ
ਪ੍ਰਾਪਤੀ ਕਰ ਜਾਂਦੀ ਹੈ
ਲੋੜ ਇਕ ਭੁੱਖ ਹੈ
ਇਕ ਪਿਆਸ ਹੈ
ਮਨੁੱਖ ਜਦ ਇਸ ਭੁੱਖ ਤੇ
ਪਿਆਸ ਨੂੰ ਮਹਿਸੂਸ ਕਰਦਾ ਹੈ
ਆਪਣੇ ਕਾਰਜ ਖਾਤਿਰ
ਦੁਨੀਆਂ ਨਾਲ ਲੜਦਾ ਹੈ
ਕਾਰਜ ਦਾ ਸੱਚ
ਉਸ ਲਈ ਫਤਹਿ ਦਾ
ਦੁਆਰ ਖੋਲ੍ਹਦਾ ਹੈ
ਉਸਦਾ ਸੱਚ
ਦੁਸ਼ਮਣ ਦੇ ਸਿਰ ਚੜ੍ਹ ਬੋਲਦਾ ਹੈ
ਮੈਦਾਨੇ ਜੰਗ 'ਚ
ਉਸਦੀ ਫਤਹਿ ਦਾ ਝੰਡਾ ਝੂਲਦਾ ਹੈ
ਉਹ ਸੱਚ ਦਾ ਜੈਕਾਰਾ ਬੋਲਦਾ ਹੈ
ਆਧੁਨਿਕ ਮਨੁੱਖ ਦਾ ਸੂਰਜ
ਇਸ ਹਨ੍ਹੇਰੇ ਜੱਗ ਤੇ ਚੜ੍ਹੇਗਾ
ਜੋ ਮਨੁੱਖਤਾ ਦੀ ਤਲੀ
ਵਿਸ਼ਵ ਸਵਰਗ ਧਰੇਗਾ

-0-

ਆਦਿ ਕਾਲ ਤੋਂ
ਜੀਵਨ ਸਫਰ 'ਚ
ਆਧੁਨਿਕਤਾ ਦੇ ਸੰਕਲਪ ਦੇ
ਬੀਜ ਬੀਜੇ ਗਏ
ਆਧੁਨਿਕਤਾ ਨੇ
ਆਪਣੀ ਸਰੀਰਕ ਪ੍ਰਯੋਗਸ਼ਾਲਾ 'ਚ
ਆਧੁਨਿਕ ਮਨੁੱਖ ਦਾ
ਸੰਕਲਪੀ ਵਿਕਾਸ ਕੀਤਾ
ਆਪਣੇ 'ਚ ਮਨੁੱਖ ਦਾ
ਮਨੁੱਖ 'ਚ ਮਨੁੱਖਤਾ ਦਾ ਵਾਸ ਕੀਤਾ
ਫਿਰ ਆਪ ਹੀ ਮਨੁੱਖ ਨੇ
ਆਪਣੇ ਵਿਚਲੇ
ਆਧੁਨਿਕ ਮਨੁੱਖ ਦਾ ਜਾਇਜ਼ਾ ਲਿਆ
ਆਪਣੇ ਆਪ 'ਚ
ਮਨੁੱਖ ਉਤਰ ਗਿਆ
ਮਨੁੱਖ ਨੇ
ਆਪਣੇ ਆਪਂ ਦੀ ਆਲੋਚਨਾ ਕੀਤੀ
ਲੰਬਾ ਸਮਾਂ
ਮਨੁੱਖ ਨਿਰਾਸ਼ਤਾ ਭੋਗਦਾ ਰਿਹਾ
ਕਦੀ ਉਸ ਨੇ
ਆਪਣੇ ਆਪ ਨੂੰ ਵਰ

ਕਦੀ ਸਰਾਪ ਕਿਹਾ
ਆਪਣੇ ਵਿਸਥਾਰ ਲਈ
ਮਨੁੱਖ ਅਜੋਕੇ ਸਮਾਜ ਦੀਆਂ
ਸੀਮਤ ਦੀਵਾਰਾਂ ਨਾਲ
ਟੱਕਰਾਂ ਮਾਰਦਾ ਰਿਹਾ
ਆਪਣੇ ਵਿਪਰੀਤ
ਸਮਾਜ ਦਾ ਵਿਰੋਧ ਸਹਾਰਦਾ ਰਿਹਾ
ਆਪਣੇ ਆਪ ਨੂੰ
ਉਧੇੜਦਾ ਧੋਂਦਾ ਨਿਚੋੜਦਾ ਰਿਹਾ
ਆਧੁਨਿਕ ਮਨੁੱਖ ਦੇ
ਪੁਨਰ ਜਨਮ ਲਈ
ਆਪਣਾ ਆਪ ਆਪਣੀ
ਦੇਹ 'ਚ ਪ੍ਰਯੋਗਦਾ ਰਿਹਾ
ਆਧੁਨਿਕ ਮਨੁੱਖ
ਆਧੁਨਿਕਤਾ ਦੇ ਸਰੂਪ 'ਚ
ਖੋਇਆ ਰਿਹਾ
ਇਹ ਸਿਲਸਿਲਾ
ਹੁਣ ਤਕ ਤੁਰਦਾ ਆ ਰਿਹਾ ਹੈ
ਆਧੁਨਿਕ ਮਨੁੱਖ ਦਾ
ਸਿਰਜਿਆ ਬੁੱਤ

ਕਈ ਵਾਰ ਅਜੋਕਾ ਸਮਾਜ
ਢਾਹੁੰਦਾ ਰਿਹਾ ਹੈ
ਉਸਦਾ ਅੰਗ ਅੰਗ
ਖਿਲਾਰਦਾ ਰਿਹਾ ਹੈ
ਕਿ ਆਧੁਨਿਕ ਮਨੁੱਖ
ਆਪਣੇ ਅੰਗ ਜੋੜ ਨਾ ਸਕੇ
ਆਪਣੇ ਆਪ ਨੂੰ
ਆਪਣਾ ਸਾਲਮ ਵਜ਼ੂਦ
ਮੋੜ ਨਾ ਸਕੇ
ਪਰ ਇਸ ਸਫ਼ਰ 'ਚ
ਆਧੁਨਿਕ ਮਨੁੱਖ ਜੁਟਿਆ ਰਿਹਾ
ਆਪਣੇ ਸੰਕਲਪ ਤੋਂ ਵਿਕਾਸ ਤਕ
ਲੜਦਾ ਰਿਹਾ
ਆਧੁਨਿਕ ਮਨੁੱਖ ਦਾ ਸੰਕਲਪ
ਤੇ ਵਿਕਾਸ
ਕਦੋਂ ਪੂਰਾ ਹੋਵੇਗਾ
ਇਹ ਸਮਾਂ ਹੀ ਦੱਸੇਗਾ
ਜਦੋਂ ਆਧੁਨਿਕ ਮਨੁੱਖ ਦਾ
ਸਥਾਪਤ ਵਜ਼ੂਦ
ਸਮਾਂ ਮਨੁੱਖ ਦੀ ਤਲੀ ਤੇ
ਰੱਖੇਗਾ
ਅਜੋਕੇ ਵਿਗਿਆਨਕ ਮਨੁੱਖ 'ਚ

ਗਿਆਨ ਤਾਂ ਹੈ
ਪਰ ਸਿਆਣਫ਼ ਨਹੀਂ
ਸਿਆਣਫ਼ ਤੋਂ ਬਿਨਾਂ
ਸ਼ਕਤੀਸ਼ਾਲੀ ਮਨੁੱਖ
ਆਪਣੀ ਤਾਕਤ ਦਾ
ਗਲਤ ਪ੍ਰਯੋਗ ਕਰਦਾ ਹੈ
ਧਰਤੀ ਤੇ ਹਰਿਆਵਲ
ਬੀਜਣ ਦੀ ਥਾਂ
ਅੰਗਿਆਰ ਧਰਦਾ ਹੈ
ਕਿਉਂਕਿ ਸਿਆਣਫ਼ਹੀਣ ਹੈ
ਆਪਣੀ ਸ਼ਕਤੀ
ਤੇ ਗਰੂਰ ਦੇ ਅਧੀਨ ਹੈ
ਦੁਨੀਆਂ ਦੇ ਸਾਹਮਣੇ
ਅਮਰੀਕਾ ਹੈ
ਦੁਨੀਆਂ ਦਾ ਸਭ ਤੋਂ
ਸ਼ਕਤੀਸ਼ਾਲੀ ਮੁਲਕ ਹੈ
ਇਨਸਾਨੀਅਤ ,ਅਮਨ ਸ਼ਾਂਤੀ
ਉਸ ਲਈ
ਸਿਰਫ਼ ਸ਼ੁਗਲ ਹੈ
ਤਾਕਤ ਦੀ ਗਲਤ ਵਰਤੋਂ ਕਰਦਾ ਹੈ
ਮਨੁੱਖੀ ਹੱਕਾਂ ਤੇ ਮਨੁੱਖੀ
ਆਜ਼ਾਦੀ ਦੀ ਓੜ 'ਚ

ਜੰਗਾਂ ਤੇ ਖ਼ੂਨ ਖਰਾਬੇ 'ਚ
ਵਿਸ਼ਵਾਸ ਰੱਖਦਾ ਹੈ
ਜੰਗੀ ਹਥਿਆਰ ਵੇਚਦਾ ਹੈ
ਦੁਨੀਆਂ ਦੇ ਅਮਨ ਨੂੰ
ਅੱਗਾਂ ਦੀਆ ਲਪਟਾਂ 'ਚ
ਲਪੇਟਦਾ ਹੈ
ਕਿਉਂਕਿ
ਉਸ ਕੋਲ ਸ਼ਕਤੀ ਤਾਂ ਹੈ
ਸ਼ਕਤੀ ਵਰਤਣ ਦੀ ਸਿਆਣਫ਼ ਨਹੀਂ
ਮਨੁੱਖੀ ਸੱਚ ਮਨੁੱਖੀ
ਕ਼ਦਰਾਂ ਕੀਮਤਾਂ ਨੂੰ ਸਮਝਣ ਦੀ
ਉਸਦੀ ਆਦਤ ਨਹੀਂ
ਆਧੁਨਿਕਤਾ
ਆਧੁਨਿਕ ਮਨੁੱਖ ਨੂੰ
ਜੀਵਨ ਦਾ ਸੱਚ ਸਮਝਾਉਂਦੀ ਹੈ
ਅਧਿਆਤਮ ਇਤਿਹਾਸ 'ਚ
ਜੀਵਨ ਦਾ ਪ੍ਰਯੋਜਨ ਸਪੱਸ਼ਟ ਹੈ
ਅਧਿਆਤਮਿਕਤਾ ਅਨੁਸਾਰ
ਜੀਵਨ ਦਾ ਪ੍ਰਯੋਜਨ ਹੈ
ਕਿ ਮਨੁੱਖ ਜਿਉਂਦੇ ਜੀਅ
ਆਪਣੇ ਸਵੈ ਸੱਚ ਨੂੰ ਜਾਣੇ

ਸੱਚ ਦਾ ਵਜੂਦ ਸੱਚ ਦੀ ਹੋਂਦ
ਪਹਿਚਾਣੇ
ਇਸ ਸਵੈ ਸੱਚ ਨੂੰ ਜਾਣ ਕੇ ਹੀ
ਆਧੁਨਿਕ ਮਨੁੱਖ
ਆਪਣੇ ਸੰਕਲਪ 'ਚ ਪੂਰਾ
ਉਤਰ ਸਕਦਾ ਹੈ
ਜੀਵਨ ਪ੍ਰਯੋਜਨ ਇਕ ਹੈ
ਮਨੁੱਖ ਚਾਹੇ ਅਧਿਆਤਮਕ ਹੋਵੇ
ਚਾਹੇ ਆਧੁਨਿਕ ਹੋਵੇ
ਇਸ ਪ੍ਰਯੋਜਨ ਦੇ ਸਿੱਟੇ
ਤੇ ਅੱਪੜਣ ਲਈ
ਜਿਹੜਾ ਸਫ਼ਰ
ਅਧਿਆਤਮਕ ਮਨੁੱਖ ਨੇ
ਕਰਨਾ ਹੈ
ਉਹੀ ਸਫ਼ਰ
ਆਧੁਨਿਕ ਮਨੁੱਖ ਦੇ ਕਦਮਾਂ ਨੇ
ਕਰਨਾ ਹੈ
ਇਸ ਲਈ
ਅਧਿਆਤਮਿਕਤਾ ਦੀ ਸੀਮਾਂ
ਮੌਤ ਤੋਂ ਪਿੱਛਲੇਰੇ ਜੀਵਨ ਤੋਂ ਵੀ
ਅਗੇਰੇ ਹੈ
ਕਈ ਸਮੁੰਦਰਾਂ ਦੇ ਸਮੁੰਦਰ
ਬ੍ਰਹਿਮੰਡਾਂ ਦੇ ਬ੍ਰਹਿਮੰਡ

ਖਲਾਅ ਧਰਤੀਆ ਅਕਾਸ਼
ਪਤਾਲ ਕਈ ਤਾਰਕਾ ਮੰਡਲ
ਆਧੁਨਿਕ ਚੇਤਨਾ ਦੇ ਘੇਰੇ 'ਚ ਹਨ
ਆਧੁਨਿਕ ਬੋਧ
ਇਨ੍ਹਾਂ ਦੇ ਅੰਦਰ ਹੈ ਚੁਫੇਰੇ ਹੈ
ਆਧੁਨਿਕ ਮਨੁੱਖ ਲਈ
ਜ਼ਰੂਰੀ ਹੈ
ਉਹ ਆਪਣਾ ਸੱਚ ਪਹਿਚਾਣੇ
ਜੀਵਨ ਦਾ ਮੂਲ
ਆਪਣੇ ਅੰਦਰ ਜਗਦੀ ਜੋਤ
ਸਿਆਣੇ
ਜੇ ਉਹ ਆਪਣਾ ਸੱਚ
ਪਹਿਚਾਣ ਨਹੀਂ ਸਕਦਾ
ਤਾਂ ਦੂਸਰੇ ਦਾ ਸੱਚ
ਜਾਣ ਨਹੀਂ ਸਕਦਾ
ਦੂਸਰੇ ਦੇ ਸੱਚ ਨੂੰ ਜਾਣੇ ਬਿਨਾਂ
ਸਾਂਝਾ ਵਿਸ਼ਵ
ਸਿਰਜਿਆ ਜਾ ਨਹੀਂ ਸਕਦਾ
ਆਧੁਨਿਕ ਮਨੁੱਖ
ਆਧੁਨਿਕ ਸਮਾਜ ਤੇ
ਵਿਸ਼ਵ ਦਾ ਸੱਚ ਪਾ ਨਹੀਂ ਸਕਦਾ

ਇਹ ਸੱਚ ਜਾਨਣਾ ਹੀ
ਮਨੁੱਖ ਤੇ ਮਨੁੱਖਤਾ ਦੀ ਇਕਾਈ ਹੈ
ਮਨੁੱਖ ਨੇ ਆਪਣਾ ਸੱਚ ਹੀ
ਮਨੁੱਖਤਾ 'ਚ ਵਿਸਥਾਰਨਾ ਹੈ
ਮਨੁੱਖਤਾ ਦਾ ਸੱਚ ਹੀ
ਆਪਣੇ ਸੱਚ 'ਚ ਉਤਾਰਨਾ ਹੈ
ਇਹ ਸੱਚ ਉਹ ਲੜੀ ਹੈ
ਜਿਸ ਤੇ ਆਧੁਨਿਕ
ਵਿਸ਼ਵ ਦੀ
ਸਰਬ-ਸਾਂਝ ਪਿਆਰ
ਨਿਆਂਏ ਅਮਨ ਤੇ
ਸ਼ਾਂਤੀ ਖੜ੍ਹੀ ਹੈ
ਆਧੁਨਿਕ ਮਨੁੱਖ ਲਈ
ਇਹ ਸੱਚ ਜਾਣਨਾ ਜ਼ਰੂਰੀ ਹੈ
ਕਿਉਂਕਿ ਨਾ ਚਿਹਰੇ ਨੂੰ
ਦਰਪਣ ਓਪਰਾ ਲੱਗੇ
ਨਾ ਦਰਪਣ
ਚਿਹਰੇ ਲਈ ਪਰਾਇਆ ਹੋਵੇ
ਇਕ ਦੂਜੇ 'ਚ
ਦੋਹਾਂ ਦਾ ਅਕਸ ਸਮਾਇਆ
ਹੋਵੇ
ਫਿਰ ਸ਼ੀਸ਼ੇ ਦੇ ਘਰਾਂ ਤੇ ਕੋਈ

ਪੱਥਰ ਨਹੀਂ ਮਾਰੇਗਾ
ਪੱਥਰ ਉਠਾਣ ਤੋਂ ਪਹਿਲਾਂ
ਆਪਣਾਂ ਸ਼ੀਸ਼ੇ ਦਾ ਘਰ
ਵਿਚਾਰੇਗਾ
ਜਦ ਹਰ ਮਨੁੱਖ ਚੋਂ
ਆਪਣਾ ਚਿਹਰਾ ਨਜ਼ਰ ਆਵੇਗਾ
ਫਿਰ ਪਿਆਰ ਸਾਂਝੀਵਾਲਤਾ
ਬਰਾਬਰਤਾ ਸੱਚ ਸੁੰਦਰਤਾ ਤੇ
ਕਲਿਆਣ ਦੇ ਸਾਗਰ 'ਚ
ਵਿਸ਼ਵ ਉਤਰ ਜਾਵੇਗਾ
ਕੋਈ ਸ਼ਿਕਵਾ
ਨਾ ਕੋਈ ਗਿਲਾ ਰਹੇਗਾ
ਪਿਆਰ ਹੀ ਪਿਆਰ
ਨਜ਼ਰ ਆਏਗਾ
ਆਧੁਨਿਕ ਮਨੁੱਖ
ਜੋ ਆਪਣੇ ਦੁਆਲੇ ਵੇਖਦਾ ਹੈ
ਜਾਂ
ਜਿਸ ਦੁਆਲੇ 'ਚ ਵਿਚਰਦਾ ਹੈ
ਉਸਨੂੰ
ਗਿਆਨ ਰੂਪ 'ਚ
ਸਵੀਕਾਰ ਕਰਦਾ ਹੈ
ਇਸ ਗਿਆਨ ਰੂਪ ਦੀ
ਸਮੱਗਰੀ ਨੂੰ

ਉਹ ਆਪਣੀ
ਮਾਨਸਿਕਤਾ 'ਚ ਕਈ ਵਾਰ
ਉਤਾਰਦਾ ਹੈ
ਆਪਣੀ ਮਾਨਸਿਕਤਾ ਦੀ
ਪ੍ਰਯੋਗਸ਼ਾਲਾ 'ਚ
ਕਈ ਵਾਰ ਬੀਜਦਾ ਹੈ
ਉੱਗਾਂਦਾ ਹੈ।
ਪ੍ਰਯੋਗਿਕ ਅਧਿਐਨ 'ਚ
ਇਸਨੂੰ
ਗਿਆਨ ਤੋਂ ਵਿਗਿਆਨ 'ਚ
ਢਾਲਦਾ ਹੈ
ਉਸਦੀ ਨਿਰੰਤਰਤਾ
ਤੇ ਚਿਰੰਜੀਵਤਾ ਦੇ ਗੁਣ
ਵਿਚਾਰਦਾ ਹੈ
ਫਿਰ ਉਸ ਅਹਿਸਾਸ ਦੀ
ਅਸੀਮਤਾ
ਜੀਵਨ 'ਚ ਉਤਾਰਦਾ ਹੈ
ਜੋ ਭੂਤ 'ਚ ਵੀ ਸੱਚ ਹੈ
ਭਵਿੱਖ 'ਚ ਵੀ ਸੱਚ ਹੈ
ਉਸਦੇ ਗੁਣਾਂ ਦੀ ਮਹੱਤਤਾ
ਦੀ ਘਾਟ ਕਿਸੇ ਵੀ ਸਮੇਂ

ਮਹਿਸੂਸ ਨਹੀਂ ਹੁੰਦੀ
ਉਸ ਵਿਚ ਜ਼ਿੰਦਗੀ ਦੀ
ਸੋਚ ਹੁੰਦੀ ਹੈ
ਉਹ ਜ਼ਿੰਦਗੀ ਦੀ ਸੱਚਾਈ
ਤੋਂ ਦੂਰ ਨਹੀਂ ਹੁੰਦੀ
ਆਧੁਨਿਕ ਮਨੁੱਖ
ਆਪਣੇ ਹਾਵ ਭਾਵ ਆਪਣੇ
ਜਜ਼ਬੇ ਨੂੰ
ਉਲਾਰੂ ਸਥਿਤੀ ਤੋਂ ਬਚਾਉਣ ਲਈ
ਬੌਧਿਕ ਸ਼ਕਤੀ ਦਾ
ਇਸਤੇਮਾਲ ਕਰਦਾ ਹੈ
ਕਿਸੇ ਨੂੰ ਸਮਝਣ ਲਈ
ਉਸ ਦੀ ਥਾਂ ਤੇ
ਆਪਣਾ ਆਪ ਧਰਦਾ ਹੈ
ਫਿਰ ਸਥਿਤੀਆਂ ਤੇ ਪ੍ਰਸਥਿਤੀਆਂ
ਦਾ ਜਾਇਜ਼ਾ ਲੈਂਦਾਂ ਹੈ
ਹਲਾਤ ਤੇ ਮਨੁੱਖ ਨਾਲ
ਇਨਸਾਫ਼ ਕਰਦਾ ਹੈ
ਤਾਂ ਕਿ ਉਸਦੇ ਕੀਤੇ ਕਰਮ ਦਾ ਫੱਲ
ਮਨੁੱਖ ਤੇ ਮਨੁੱਖਤਾ
ਦੇ ਹਿੱਤ 'ਚ ਹੋਵੇ

ਜੀਵਨ ਸੁਰੱਖਸ਼ਾ
ਜੀਵਨ ਇਕਾਈ ਤੇ ਮਜ਼ਬੂਤੀ
ਜੀਵਨ ਨੂੰ
ਸਹੀ ਸੇਧ 'ਚ ਤੋਰਨ ਦਾ ਸੰਕਲਪ
ਆਧੁਨਿਕ ਮਨੁੱਖ ਦਾ ਹੈ
ਸੜਦੀ ਧੁੱਪ 'ਚ ਛਾਵਾਂ
ਕਰਨ ਦਾ ਕਰਮ
ਆਧੁਨਿਕ ਮਨੁੱਖੀ ਰੁੱਖ ਦਾ ਹੈ
ਧਰਤੀ ਤੇ ਕਿਰਨਾਂ ਬੀਜਣਾ
ਅੰਬਰ ਤੇ ਸੂਰਜ ਚਾੜ੍ਹਨਾ
ਵਿਸ਼ਵ ਰੌਸ਼ਨ ਕਰਨ ਦਾ
ਕਰਤਵ ਆਧੁਨਿਕ ਮਨੁੱਖ ਦਾ ਹੈ
ਵਿਸ਼ਵ 'ਚ
ਅਮਨ ਸ਼ਾਂਤੀ ਤੇ
ਮਨੁੱਖਤਾ ਦੀ ਸੁਰੱਖਸ਼ਾ ਦਾ ਧਰਮ
ਆਧੁਨਿਕ ਮਨੁੱਖ ਦਾ ਹੈ
ਆਧੁਨਿਕਤਾ ਕਿਸ ਪ੍ਰਕਾਰ
ਆਧੁਨਿਕ ਮਨੁੱਖ ਦਾ
ਸੰਕਲਪ ਕਰਦੀ ਹੈ .
ਲਿਖਤੀ ਰੂਪ 'ਚ ਤਾਂ
ਇਸ ਆਧੁਨਿਕ ਮਨੁੱਖੀ ਸੰਕਲਪ
ਬਾਰੇ ਬਹੁਤਾ ਪ੍ਰਾਪਤ ਨਹੀਂ

ਮਨੁੱਖੀ ਇਤਿਹਾਸ 'ਚ
ਅਜਿਹਾ ਕੁਝ ਵੀ ਹਾਸਲ ਨਹੀਂ
ਪਰ ਆਧੁਨਿਕਤਾ
ਦੇ ਵਿਕਸਤ ਸਫ਼ਰ ਤੋਂ
ਇਹ ਗੱਲ ਸਿੱਧ ਹੁੰਦੀ ਹੈ
ਕਿ ਆਧੁਨਿਕਤਾ
ਉਸ ਮਨੁੱਖ ਦੇ ਸੰਕਲਪ ਦੀ
ਧਾਰਨੀ ਹੈ
ਜੋ ਮਨੁੱਖ ਮਨੁੱਖਤਾ ਦੇ
ਗੁਣਾਂ ਦਾ ਉਚਾਰਨੀ ਹੈ
ਜਿਸਨੇ ਆਪਣੇ ਵਜ਼ੂਦ 'ਚ
ਮਨੁੱਖਤਾ ਉਤਾਰਨੀ ਹੈ
ਆਪਣੇ ਵਜ਼ੂਦ ਚੋਂ
ਮਨੁੱਖਤਾ ਉਸਾਰਨੀ ਹੈ
ਜਿਸਦਾ ਚਿਹਰਾ
ਮਨੁੱਖਤਾ ਦਾ ਚਿਹਰਾ ਹੋਵੇ
ਜਿਸ ਦੇ ਦਿਲ 'ਚ
ਮਨੁੱਖਤਾ ਦਾ ਵਸੇਰਾ ਹੋਵੇ
ਜੋ ਸੱਚ ਸੁੰਦਰਤਾ ਕਲਿਆਣ
ਸਾਂਝੀਵਾਲਤਾ ਪਿਆਰ
ਬਰਾਬਰਤਾ ਤਿਆਗ
ਅਨੁਸ਼ਾਸਨ ਤੇ ਕਿਰਦਾਰ ਦੀ
ਮੂਰਤੀ ਹੋਵੇ

ਮਨੁੱਖਤਾ ਨੂੰ ਸੰਭਾਲਣ ਦੀ
ਪਾਲਣ ਦੀ
ਜਿਸਦੀ ਸੁਰਤੀ ਹੋਵੇ
ਜਿਹਦੀ ਹੋਂਦ ਦਾ ਸੱਚ
ਤ੍ਰੈਕਾਲ ਮੁਖੀ ਸਮੇਂ ਦਾ
ਧਾਰਨੀ ਹੋਵੇ
ਸਰਭ ਮਨੁੱਖਤਾ ਲਈ
ਜਿਸ੍ਦੀ ਸ਼ਰਧਾ ਹੋਵੇ
ਜਿਸਦੇ ਵਿਚਰਨ ਧਰਾਤਲ 'ਚ
ਜੀਵਨ ਦੀ ਬਹੁਲਤਾ ਹੋਵੇ
ਜੀਵਨ ਦੀਆਂ ਰੌਣਕਾਂ
ਖੁਸ਼ੀਆਂ ਦਾ
ਜਿਸਨੂੰ ਅਹਿਸਾਸ ਹੋਵੇ
ਮਨੁੱਖਤਾ ਦੇ ਦਰਦਾਂ ਦੁੱਖਾਂ ਦਾ
ਜਿਸਨੂੰ ਪਾਸ ਹੋਵੇ
ਆਧੁਨਿਕ ਮਨੁੱਖ
ਜੋ ਜ਼ਿੰਦਗੀ ਨੂੰ ਹੋਰ ਵੀ
ਹਰਿਆਉਲਾ ਕਰ ਸਕੇ
ਪੌਣਾਂ ਦੀ ਸ਼ੁਧਤਾ
ਜਲ ਦੀ ਨਿਰਮਲਤਾ ਰਖ ਸਕੇ
ਅੱਗਣ ਦਾ ਤੇਜ਼
ਧਰਤੀ ਦੀ ਉਤਪੱਤੀ

ਅਕਾਸ਼ ਦੀ ਸੁੰਦਰਤਾ
ਵਧਾ ਸਕੇ
ਵਿਸ਼ਵ ਨੂੰ ਮਨੁੱਖ ਲਈ
ਮਨੁੱਖਤਾ ਲਈ
ਸਵਰਗ ਬਣਾ ਸਕੇ
ਇਸ ਆਧੁਨਿਕ ਮਨੁੱਖ ਦਾ
ਸਫ਼ਰ ਵਿਕਾਸ ਤੋਂ ਵਿਕਾਸ ਤਕ
ਆਧੁਨਿਕ ਸੋਚ ਤੇ
ਅਧਾਰਤ ਹੈ
ਆਧੁਨਿਕ ਮਨੁੱਖ
ਵਿਸ਼ਵ ਦੇ ਵਿਚਰਨ ਧਰਾਤਲ ਨੂੰ
ਮਨੁੱਖਤਾ ਅਨੁਕੂਲ
ਤੇ ਮਨੁੱਖਤਾ ਦੇ ਵਿਚਰਨ
ਧਰਾਤਲ ਨੂੰ
ਵਿਸ਼ਵ ਅਨੁਕੂਲ
ਬਨਾਉਣ ਦਾ ਧਾਰਨੀ ਹੋਵੇ
ਅਜਿਹਾ ਹੀ ਮਨੁੱਖੀ ਸੰਕਲਪ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ
ਪ੍ਰਗਮ ਪੁਰੱਖ ਦਾ ਹੈ
ਪਰਮ ਸੱਚ ਦਾ ਹੈ
ਸੱਚ ਦੀ ਧਰਤ ਦਾ ਹੈ
ਜੋ ਮੂਲ ਮੰਤਰ 'ਚ

ਪ੍ਰਮਾਣਿਤ ਹੈ
ਜਿਸਨੂੰ ਜਗਤ ਜਾਣਤ ਹੈ
ਜੋ ਗੁਰਬਾਣੀ ਦੀ
ਇਮਾਨਤ ਹੈ
ਪਰਮ ਪੁਰਖ ਦੇ ਸੰਕਲਪ ਤੋਂ
ਪਿੱਛੋਂ
ਸਾਰਾ ਗੁਰੂ ਗ੍ਰੰਥ ਸਾਹਿਬ
ਉਸ ਪਰਮ ਪੁਰਖ ਦੀ
ਸਿਰਜਣਾ ਦਾ ਧਾਰਨੀ ਹੈ
ਮਨੁੱਖ ਦਾ ਪ੍ਰਕਿਰਤੀ 'ਚ
ਬ੍ਰਹਿਮੰਡਾਂ 'ਚ
ਜਿੰਨਾਂ ਵੀ ਸੱਚਾ ਸੁੱਚਾ
ਤੇ ਸੁੱਖੀ ਰਹਿਣ ਦਾ ਯਤਨ ਹੈ
ਉਹ ਪਰਮ ਪੁਰਖ ਨੂੰ ਸਿਮਰਨ
ਉਸਦੀ ਰਜ਼ਾ 'ਚ
ਰਹਿਣ 'ਚ ਹੈ
ਉਹ ਪਰਮ ਪੁਰਖ ਸੱਚ ਹੈ
ਸਭ ਕੁਝ ਕਰਨ ਕਰਾਵਨ ਵਾਲਾ ਹੈ
ਡਰ ਰਹਿਤ ਹੈ ਵੈਰ ਰਹਿਤ ਹੈ
ਮ੍ਰਿਤਯੂ ਰਹਿਤ ਹੈ
ਅੰਜੂਨੀ ਰਹਿਤ ਹੈ
ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ

ਆਦਿ ਸੱਚ ਹੈ
ਜੁਗਾਦਿ ਸੱਚ ਹੈ
ਹੈ ਭੀ ਸੱਚ
ਅੱਗੋਂ ਵੀ ਸੱਚ ਹੈ
ਅਜਿਹਾ ਕੋਈ ਲਿਖਤੀ
ਸੰਕਲਪ.
ਆਧੁਨਿਕ ਮਨੁੱਖ ਬਾਰੇ
ਆਧੁਨਿਕਤਾ 'ਚ ਮੌਜ਼ੂਦ ਨਹੀਂ
ਇਸ ਸੰਕਲਪ ਦਾ
ਆਧੁਨਿਕ ਇਤਿਹਾਸ 'ਚ
ਵਜ਼ੂਦ. ਨਹੀਂ
ਪਰ ਆਧੁਨਿਕਤਾ ਦੀਆਂ
ਵਿਕਸਤ ਪ੍ਰਸਥਿਤੀਆਂ ਤੋਂ
ਅਜਿਹੇ ਮਨੁੱਖ ਦਾ ਸੰਕਲਪ
ਕੀਤਾ ਜਾ ਸਕਦਾ ਹੈ
ਜਿਸ ਮਨੁੱਖ ਦੇ ਆਗਮਨ ਨਾਲ
ਤਿੜਕੀ ਮਨੁੱਖਤਾ ਤੇ
ਵਿਸ਼ਵ ਦਾ ਚਿਹਰਾ ਸੀਤਾ
ਜਾ ਸਕਦਾ ਹੈ
ਆਧੁਨਿਕ ਮਨੁੱਖ
ਪਰਮ ਪੁਰਖ ਦੇ ਗੁਣਾਂ ਦਾ
ਧਾਰਨੀ ਹੋ ਸਕਦਾ ਹੈ
ਪਰਮ ਪੁਰਖ ਨਹੀਂ

ਪਰਮ ਪੁਰਖ ਦਾ
ਉਚਾਰਨੀ ਹੋ ਸਕਦਾ ਹੈ
ਪਰਮ ਪੁਰਖ ਦੇ ਗੁਣ
ਜੀਵਨ ਦਾ ਮੂਲ ਹਨ
ਆਧੁਨਿਕ ਮਨੁੱਖ ਤੇ
ਵਿਸ਼ਵ ਦੇ ਅਸੂਲ ਹਨ
ਜਿਸ ਤੇ
ਆਧੁਨਿਕ ਮਨੁੱਖ ਦਾ
ਸੰਕਲਪ ਅਧਾਰਤ ਹੈ
ਜਿਸ ਸੰਕਲਪ ਲਈ
ਅਜੋਕੇ ਵਿਸ਼ਵ ਸਮਾਜ
ਤੇ ਮਨੁੱਖ ਦੇ ਸਾਹਾਂ 'ਚ
ਇਬਾਦਤ ਹੈ
ਪਰਮ ਪੁਰਖ ਦੇ ਗੁਣ
ਆਧੁਨਿਕ ਜੀਵਨ ਦੀ
ਬੁਨਿਆਦ ਹਨ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦੀ ਸਫ਼ਲਤਾ ਦਾ
ਰਾਜ਼ ਹਨ
ਮ੍ਰਿਤਿਯੂ ਰਹਿਤ
ਪਰਮ ਪੁਰਖ ਦਾ ਗੁਣ ਹੈ
ਇਸ ਗੁਣ ਦਾ ਧਾਰਨੀ

ਆਦਮੀ ਦੀ ਨਸਲ
ਆਦਮੀ ਦਾ ਤੁਖ਼ਮ ਹੋ ਸਕਦਾ ਹੈ
ਅੰਜੂਨੀ ਰਹਿਤ
ਪਰਮ ਪੁਰਖ ਦਾ ਗੁਣ ਹੈ
ਆਧੁਨਿਕ ਮਨੁੱਖ ਦਾ
ਗੁਣ ਨਹੀਂ ਹੋ ਸਕਦਾ
ਆਧੁਨਿਕ ਮਨੁੱਖ
ਪਰਮ ਪੁਰਖ ਦਾ ਸਾਜ਼
ਪਰਮ ਪੁਰਖ ਦੀ ਧੁੰਨ
ਨਹੀਂ ਹੋ ਸਕਦਾ
ਕੁਝ ਲੋਕ ਨਾਸਤਕ ਹਨ
ਪਰਮਾਤਮਾ ਦਾ ਸੰਕਲਪ
ਪਰਮ ਪੁਰਖ ਦੀ ਹੋਂਦ
ਹੈ ਜਾਂ ਨਹੀਂ
ਸਵਾਲ ਇਹ ਨਹੀਂ
ਸਵਾਲ ਹੈ ਉਸ ਸੰਕਲਪਤ
ਪਰਮ ਪੁਰਖ ਦੇ ਗੁਣ
ਜੀਵਨ ਲਈ ਸਮਾਜ ਲਈ
ਮਨੁੱਖ ਲਈ ਸਾਰੀ ਮਨੁੱਖਤਾ ਲਈ
ਸਾਰੀ ਵਿਸ਼ਵ ਲਈ
ਲਾਭਦਾਇਕ ਹਨ ਜਾਂ ਨਹੀਂ
ਜੋ ਮਨੁੱਖ ਜੀਵਨ ਲਈ

ਇਹ ਗੁਣ
ਸੁੱਖ ਸ਼ਾਂਤੀ ਦਾ ਸਾਗਰ ਹਨ
ਮਨੁੱਖਤਾ ਲਈ ਜ਼ਹਿਰ ਨਹੀਂ
ਅੰਮ੍ਰਿਤ ਦੀ ਗਾਗਰ ਹਨ
ਤਾਂ ਇਨ੍ਹਾਂ ਨੂੰ
ਸਵੀਕਾਰ ਕਰਨਾ
ਆਧੁਨਿਕ ਮਨੁੱਖ ਦੇ
ਸੰਕਲਪ ਲਈ ਸਮੂਹਕ
ਮਨੁੱਖਤਾ ਤੇ ਵਿਸ਼ਵ ਲਈ
ਅਤੀ ਜ਼ਰੂਰੀ ਹੈ
ਆਧੁਨਿਕਤਾ ਵੀ
ਇਨ੍ਹਾਂ ਗੁਣਾਂ ਦੇ ਅਰਥਾਂ ਨੂੰ
ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਲਈ
ਵਿਗਿਆਨਕ ਦ੍ਰਿਸ਼ਟੀ ਤੋਂ
ਲਾਭਕਾਰੀ ਮੰਨਦੀ ਹੈ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦੀ ਸਫ਼ਲਤਾ 'ਚ
ਉਸਾਰੂ ਮੰਨਦੀ ਹੈ
ਆਧੁਨਿਕਤਾ
ਪਰਮ ਪੁਰਖ ਦੇ ਗੁਣਾਂ
ਦੀ ਧਰਨੀ ਹੈ

ਬਾਣੀ ਵਿਚਲੇ ਜੀਵਨ
ਵਜੂਦ ਦੀ ਇਛੁੱਕ ਹੈ
ਜੋ ਮਨੁੱਖ ਨੂੰ ਗਿਆਨ ਦੇ
ਨਾਲ ਨਾਲ
ਸਿਆਣਫ਼ ਪ੍ਰਦਾਨ ਕਰਦੀ ਹੈ
ਹਰ ਮਨੁੱਖ ਦੀ ਤਲੀ ਤੇ
ਉਸਦਾ ਸੱਚ ਤੇ
ਕਰਤਵ ਧਰਦੀ ਹੈ
ਜਿੱਥੇ ਗੁਰੂਬਾਣੀ
ਮਨੁੱਖ ਨੂੰ ਜੀਵਨ ਜਾਂਚ
ਸਿੱਖਾਉਂਦੀ ਹੈ
ਉਥੇ ਮਨੁੱਖ ਦੇ ਜਨਮ ਤੋਂ
ਮਰਨ ਤਕ ਦੀ ਬਾਤ ਪਾਉਂਦੀ ਹੈ
ਰਸਮਾਂ ਰੀਤਾਂ ਰਿਵਾਜ਼ਾਂ ਦਾ
ਵਿਗਿਆਨਕ ਪ੍ਰਗਟਾਅ ਕਰਦੀ ਹੈ
ਮਨੁੱਖੀ ਹਨ੍ਹੇਰੇ ਮਨ 'ਚ
ਸੂਰਜ ਧਰਦੀ ਹੈ
ਮਨੁੱਖ ਨੂੰ ਮਨੁੱਖ ਦਾ
ਜੀਵਨ ਪ੍ਰਯੋਜਨ ਦੱਸਦੀ ਹੈ
ਮਨੁੱਖ ਨੂੰ
ਉਸਦੇ ਸਵੈ ਦੀ ਹੋਂਦ

ਸਮਝਾਉਂਦੀ ਹੈ
ਉਸ ਹੋਂਦ ਬਾਰੇ
ਸਿਆਣਫ਼ ਤੇ ਗਿਆਨ ਦਾ
ਰਾਹ ਵਿਖਾਉਂਦੀ ਹੈ
ਮਨੁੱਖ ਨੂੰ ਆਪਣਾ ਆਪ
ਸ਼ੁੱਧ ਸਾਫ਼ ਸੁਥਰਾ
ਰੱਖਣਾ ਦੱਸਦੀ ਹੈ.
ਆਪਣਾ ਮੈਲਾ
ਉਤਾਰਨਾ ਦੱਸਦੀ ਹੈ
ਆਪਣੇ ਆਪ ਨਾਲ ਬਹਿਣਾ
ਆਪਣਾ ਆਪ
ਵਿਚਾਰਨਾ ਦੱਸਦੀ ਹੈ
ਮਨੁੱਖ ਦੀ ਤਲੀ ਤੇ
ਸੁੱਖ ਸ਼ਾਂਤੀ ਤੇ ਸਕੂਨ ਧਰਦੀ ਹੈ
ਜਿਸ ਨੂੰ ਪਾ ਕੇ
ਮਨੁੱਖ ਆਪਣਾ
ਸੱਚ ਪਾ ਲੈਂਦਾ ਹੈ
ਜੀਵਨ ਦੇ ਹਨੇਰੇ 'ਚ
ਆਪਣਾ ਚਾਨਣ ਹੰਢਾ ਲੈਂਦਾ ਹੈ
ਦੇਹ ਦਾ ਝੂਠ ਸਮਝਦਾ ਹੈ
ਮਨ ਦੀ ਜੋਤ ਜਗਾ ਲੈਂਦਾ ਹੈ
ਆਪਣੀ ਆਤਮਾ ਦੇ
ਜਿਉਂਦੇ ਜੀਅ

ਦੀਦਾਰੇ ਪਾ ਲੈਂਦਾ ਹੈ
ਇਹ ਸਭ ਕੁਝ
ਆਧੁਨਿਕ ਮਨੁੱਖ ਲਈ
ਜਾਨਣਾ ਜ਼ਰੂਰੀ ਹੈ
ਕਿਉਂਕਿ ਉਹ
ਆਧੁਨਿਕ ਸਮਾਜ ਦਾ
ਕਰਤਾ ਹੈ
ਸਿਰਜਣਹਾਰ ਹੈ
ਇਸ ਸਿਆਣਫ਼
ਤੇ ਗਿਆਨ ਰਾਹੀਂ
ਉਹ ਸਮਾਜ 'ਚ
ਸੰਤੁਲਨ ਸੰਯਮ ਤੇ ਚਿੰਰਜੀਵਤਾ
ਪੈਦਾ ਕਰ ਸਕਦਾ ਹੈ
ਸਮਾਜ ਨੂੰ ਪੁਣਕੇ ਛਾਣਕੇ
ਧੋ ਕੇ ਨਿਚੋੜ ਸਕਦਾ ਹੈ
ਉਸਦਾ ਮੈਲਾ ਉਤਾਰ
ਸਕਦਾ ਹੈ
ਉਸ 'ਚ ਸੱਚ ਉਸਾਰ
ਸਕਦਾ ਹੈ
ਆਧੁਨਿਕਤਾ ਅਨੁਸਾਰ
ਆਧੁਨਿਕ ਮਨੁੱਖ ਦਾ
ਸੰਕਲਪ ਕੀ ਹੈ ਹੋਂਦ ਕੀ ਹੈ
ਸੱਚ ਕੀ ਹੈ

ਇਹ ਆਧੁਨਿਕਤਾ ਦੇ ਬੋਲ ਹਨ
ਜੋ ਆਧੁਨਿਕ ਮਨੁੱਖ ਦੇ
ਸੱਚ ਕੌਲ ਹਨ
ਆਧੁਨਿਕ ਮਨੁੱਖ
ਪਿਆਰ ਦਾ ਪ੍ਰਤੀਕ ਹੈ
ਨੇਕੀ ਦਾ ਪ੍ਰਤੀਕ ਹੈ
ਸਰਬਤ ਦੇ ਭਲੇ ਦਾ ਪ੍ਰਤੀਕ ਹੈ
ਸੱਚ ਸੁੰਦਰਤਾ ਤੇ ਕਲਿਆਣ
ਦਾ ਪੁੰਜ ਹੈ
ਬਰਾਬਰਤਾ ਦੀ ਹੋਂਦ ਹੈ
ਨਾ ਕੋਈ ਵੈਰੀ
ਨਾ ਹੀ ਬੇਗਾਨਾ
ਏਕ ਨੂਰ ਤੇ ਸਭ ਜੱਗ!
ਉਪਜਿਉ ਦਾ ਧਾਰਨੀ ਹੈ
ਉਹ ਸਾਫ਼ ਸੁਥਰੀਆਂ
ਸ਼ੁੱਧ ਸ਼ੀਤਲ ਪ੍ਰਵਿਰਤੀਆਂ
ਦਾ ਵਜ਼ੂਦ ਹੈ
ਉਹ ਸਮਾਜ ਤੇ ਵਿਸ਼ਵ ਦਾ
ਕਾਰੋਬਾਰ ਹੈ
ਸਾਰੀ ਕਾਰਜ ਪ੍ਰਣਾਲੀ ਦਾ
ਸੰਚਾਲਨਹਾਰ ਹੈ
ਮਨੁੱਖਤਾ ਦਾ ਦਾਰੋ ਮਦਾਰ ਹੈ

ਸਭ ਤੋਂ ਵੱਧ
ਅਨੁਸ਼ਾਸਨ ਤੇ ਮੁਲਕੀ
ਕਿਰਦਾਰ ਵਾਲਾ ਹੈ
ਸਦਾ ਚੜ੍ਹਦੀ ਕਲਾ 'ਚ
ਰਹਿੰਦਾ ਹੈ.
ਇਨ੍ਹਾਂ ਗੁਣਾਂ ਤੇ ਅਧਾਰਤ
ਆਧੁਨਿਕ ਚਿੰਤਨ ਬੋਧ ਹੈ
ਆਧੁਨਿਕ ਮਨੁੱਖ
ਨੂਰ ਦਾ ਮੁਜੱਸਮਾ ਹੈ
ਭਲਾਈ ਦਾ ਬੋਲ ਹੈ
ਜੋ ਦੂਸਰੇ ਨੂੰ
ਆਪਣੀ ਥਾਂ ਰਖਕੇ ਸੋਚਦਾ ਹੈ
ਪਿਆਰ
ਆਧੁਨਿਕ ਮਨੁੱਖ ਦਾ
ਉਹ ਗੁਣ ਹੈ
ਜੋ ਦੂਸਰੇ ਚੋਂ
ਆਪਣਾ ਸੱਚ ਭਾਲਦਾ ਹੈ
ਨੇਕੀ
ਆਧੁਨਿਕ ਮਨੁੱਖ ਦੀ
ਉਹ ਪ੍ਰਵਿਰਤੀ ਹੈ
ਜੋ ਸਮਾਜ ਤੇ ਵਿਸ਼ਵ ਦਾ
ਚੰਗਾ ਸੋਚਦੀ ਹੈ
ਤਿਆਗ 'ਚ
ਉਹ ਆਪਣਾ ਲਾਲਚ ਮੋਹ
ਤਿਆਗ ਕੇ

ਸਮਾਜ ਤੇ ਵਿਸ਼ਵ ਨੂੰ
ਸੁਤੰਤਰ ਹੋਂਦ ਬਖ਼ਸ਼ਦਾ ਹੈ
ਦਇਆ ਰਹਿਮ ਰਾਹੀਂ
ਔਗੁਣਰਾਹਾਂ ਨੂੰ ਮਾਫ਼ ਕਰਦਾ ਹੈ
ਉਨ੍ਹਾਂ ਨੂੰ ਸੁਧਾਰ ਕੇ
ਸਮਾਜ ਤੇ ਵਿਸ਼ਵ ਨਾਲ
ਜੋੜਣ ਦਾ ਯਤਨ ਕਰਦਾ ਹੈ
ਬਰਾਬਰਤਾ
ਉਸ ਲਈ ਇਨਸਾਨ
ਇਨਸਾਨ ਹਨ
ਸਭ ਸੁੰਦਰਤਾ ਕਲਿਆਣ
ਉਨ੍ਹਾਂ ਗੁਣਾਂ ਦਾ ਮੁਜੱਸਮਾ ਹਨ
ਜੋ ਸੱਚ ਬੀਜਦਾ ਹੈ
ਸੁੰਦਰਤਾ ਫੈਲਾਉਂਦਾ ਹੈ
ਕਲਿਆਣ ਵਿਸਥਾਰਦਾ ਹੈ
ਉਹ ਸਭ ਨੂੰ
ਇਕੋ ਦ੍ਰਿਸ਼ਟੀ ਨਾਲ਼ ਵੇਖਦਾ ਹੈ
ਉਸਦੀ ਨਿਗਾਹ 'ਚ
ਮਨੁੱਖ ਦੀ ਹਸਤੀ ਤੇ ਮਹੱਤਤਾ
ਮਨੁੱਖੀ ਗੁਣਾਂ ਸਦਕਾ ਹੈ
ਮਨੁੱਖੀ ਅਨੁਸ਼ਾਸਨ
ਤੇ ਕਿਰਦਾਰ ਸਦਕਾ ਹੈ

ਉਹ ਸਾਫ਼ ਨੀਅਤ ਦਾ
ਉਸ ਦੀ ਸੋਚ ਸ਼ੁੱਧ
ਸੁਥਰੀ ਸਾਕਾਰਆਤਮਕ ਹੈ
ਉਸ ਲਈ
ਕੋਈ ਵੀ ਵੈਰੀ ਨਹੀਂ
ਬੇਗਾਨਾ ਨਹੀਂ
ਸਭ ਇਕ ਨੂਰ ਦੀ ਉਪਜ ਹਨ
ਉਹ
ਸਰਬੱਤ ਦੇ ਭਲੇ ਦਾ ਆਸ਼ਕ ਹੈ
ਮਨੁੱਖ ਮਨੁੱਖਤਾ ਤੇ
ਵਿਸ਼ਵ ਦਾ ਉਪਾਸ਼ਕ ਹੈ
ਇਹ ਆਧੁਨਿਕ ਮਨੁੱਖ ਦੇ
ਗੁਣ ਹਨ
ਜੋ ਉਸਦੇ ਲਹੂ 'ਚ ਵਾਸ ਕਰਦੇ ਹਨ
ਇਨ੍ਹਾਂ ਤੋਂ ਬਿਨਾਂ
ਆਧੁਨਿਕ ਮਨੁੱਖ ਦਾ
ਸੰਕਲਪ ਅਸੰਭਵ ਹੈ
ਆਧੁਨਿਕਤਾ
ਦੀ ਪ੍ਰਵਿਰਤੀ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਸ਼ਕਤੀਆਂ ਪ੍ਰਤੀ
ਪੁਰਾਤਨ ਅਰਥਾਵਲੀ ਨਹੀਂ
ਸੰਕੀਰਨ ਘੇਰੇ ਵਾਲੀ ਨਹੀਂ

ਚੜ੍ਹਦੇ ਸੂਰਜਾਂ ਵਰਗੀ ਹੈ
ਹਨ੍ਹੇਰੇ ਵਰਗੀਂ ਨਹੀਂ
ਕਾਮ ਸ਼ਕਤੀ ਦਾ ਪ੍ਰਯੋਗ
ਆਧੁਨਿਕ ਮਨੁੱਖ ਲਈ
ਸਮਾਜ ਤੇ ਵਿਸ਼ਵ ਲਈ
ਸਾਕਾਰੀ ਕਾਰਜ ਕਰਨਾ ਹੈ
ਸੁੱਖ ਸ਼ਾਂਤੀ
ਅਮਨ ਅਗਮ ਤੇ ਸੁਰੱਖਸ਼ਾ
ਮਾਨਵਤਾ ਦੀ ਝੋਲੀ ਧਰਨਾ ਹੈ
ਕ੍ਰੋਧ ਸ਼ਕਤੀ ਦਾ ਪ੍ਰਯੋਗ
ਸਮਾਜ ਤੇ ਵਿਸ਼ਵ ਲਈ
ਤਿਆਗ ਕਰਨਾ ਹੈ
ਮੋਹ ਸ਼ਕਤੀ ਦਾ ਪ੍ਰਯੋਗ
ਸਮਾਜ ਨੂੰ ਵਿਸ਼ਵ ਨੂੰ
ਮਨੁੱਖਤਾ ਨੂੰ
ਪਿਆਰ ਕਰਨਾ ਹੈ
ਹੰਕਾਰ ਦਾ ਪ੍ਰਯੋਗ
ਸਮਾਜ ਤੇ ਵਿਸ਼ਵ ਨੂੰ
ਬੁਲੰਦੀਆਂ ਤੇ
ਪਹੁੰਚਾਉਣਾ ਹੈ

ਤੇ ਵਿਸ਼ਵ ਨੂੰ
ਸਵਰਗ ਬਨਾਉਣਾ ਹੈ
ਇਨ੍ਹਾਂ ਸ਼ਬਦਾਂ ਅਰਥਾਂ ਨੂੰ
ਆਧੁਨਿਕਤਾ ਅਨੁਸਾਰ
ਸਾਕਾਰਆਤਮਕ ਅਰਥ
ਦੇਣਾ ਹੈ
ਇਨ੍ਹਾਂ ਸ਼ਬਦਾਂ ਦੀ
ਨਿਕਾਰਤਾ 'ਚ
ਸਾਕਾਰਤਾ ਧਰਨਾ ਹੈ
ਇਹ ਆਧੁਨਿਕ ਮਨੁੱਖ
ਤੇ ਹੋਂਦ ਦਾ ਸੱਚ ਹੈ
ਇਨ੍ਹਾਂ ਸ਼ਬਦਾਂ ਦੇ
ਅਰਥਾਂ ਨੂੰ ਬਦਲਣਾ
ਆਧੁਨਿਕ ਮਨੁੱਖ ਤੇ
ਸਮਾਜ ਦੇ ਵੱਸ ਹੈ
ਜਿੱਥੇ ਕਾਮ ਕ੍ਰੋਧ
ਲੋਭ ਮੋਹ ਹੰਕਾਰ
ਵਿਸ਼ਵ ਲਈ ਸਮਾਜ ਲਈ
ਮਨੁੱਖ ਲਈ ਮਨੁੱਖਤਾ ਲਈ
ਹਾਨੀਕਾਰਕ ਹਨ
ਉਥੇ ਇਨ੍ਹਾਂ ਸ਼ਕਤੀਆਂ ਦੇ
ਅਰਥ ਤੇ ਸੰਦਰਭ ਬਦਲ ਕੇ

ਆਧੁਨਿਕਤਾ ਦੇ ਅਰਥ ਤੇ
ਸੰਦਰਭ 'ਚ ਵਰਤਣਾ
ਸਮਾਜ ਤੇ ਵਿਸ਼ਵ
ਦੀ ਚੜ੍ਹਦੀ ਕਲਾ ਦਾ ਕਾਰਜ ਹਨ
ਇਥੇ ਗੁਰਬਾਣੀ
ਆਪਣੀ ਪ੍ਰਯੋਗਸ਼ਾਲਾ 'ਚ
ਇਨ੍ਹਾਂ ਸ਼ਕਤੀਆਂ ਦੇ
ਅਰਥਾਂ ਨੂੰ
ਮਨੁੱਖ ਤੇ ਮਨੁੱਖੀ ਜੀਵਨ ਚੋਂ
ਮੱਨਫ਼ੀ ਕਰਨ ਲਈ
ਪ੍ਰੇਰਦੀ ਹੈ
ਤਾਂ ਕਿ ਜੀਵਨ
ਸੱਚ ਸੁੰਦਰਤਾ ਕਲਿਆਣ
ਦਾ ਮੁਜੱਸਮਾ ਹੋ ਸਕੇ
ਮੌਸਮਾਂ ਬਹਾਰਾਂ ਰੁੱਤਾਂ
ਮਹਿਕਾਂ ਕਲੀਆਂ ਦਾ
ਗੁਲਦਸਤਾ ਹੋ ਸਕੇ
ਉਥੇ ਆਧੁਨਿਕਤਾ ਇਨ੍ਹਾਂ
ਸ਼ਕਤੀਆਂ ਦੇ ਪ੍ਰਯੋਗ ਲਈ
ਆਧੁਨਿਕ ਸਮਾਜ ਦੀ
ਧਰਤ ਤੇ
ਇਨ੍ਹਾਂ ਦੇ ਅਰਥ ਬਦਲ ਕੇ

ਬੀਜਣਾ ਚਾਹੁੰਦੀ ਹੈ
ਕਾਮ ਕ੍ਰੋਧ ਲੋਭ
ਮੋਹ ਹੰਕਾਰ ਸ਼ਕਤੀਆਂ
ਦੇ ਬਦਲਵੇਂ ਰੂਪ ਨੂੰ
ਸਮਾਜ ਦੀ ਰਗ ਰਗ 'ਚ
ਉਤਾਰ ਕੇ
ਜੀਵਨ ਭਲਾਈ ਦੇ ਯੋਗ
ਬਨਾਉਣਾ ਚਾਹੁੰਦੀ ਹੈ
ਸਮਾਜਕ ਬਲ ਤੇ ਇਕਾਈ ਦੇ
ਸੂਰਜ ਉੱਗਾਉਣਾ ਚਾਹੁੰਦੀ ਹੈ
ਆਧੁਨਿਕ ਮਨੁੱਖ
ਇਨ੍ਹਾਂ ਸ਼ਕਤੀਆਂ ਦੇ ਸੁਭਾਅ
ਨਾਲ ਸਹਿਮਤ ਨਹੀਂ
ਇਨ੍ਹਾਂ ਸ਼ਕਤੀਆਂ ਦੀ
ਸਾਕਾਰਤਮਕ ਵਰਤੋਂ
ਕਰਨ ਨਾਲ
ਇਨ੍ਹਾਂ ਦੇ ਸੁਭਾਅ ਦੀ
ਤਬਦੀਲੀ ਦਾ ਹਾਮੀ ਹੈ
ਆਦਿ ਮਨੁੱਖ ਲਈ
ਇਨ੍ਹਾਂ ਸ਼ਕ੍ਤੀਆਂ ਦੀ ਗੁਲਾਮੀ ਸੀ
ਆਧੁਨਿਕ ਮਨੁੱਖੀ ਚੇਤਨਾ ਦੀਆਂ

ਇਹ ਸ਼ਕਤੀਆਂ ਗੁਲਾਮ ਹਨ
ਇਨ੍ਹਾਂ ਸ਼ਕਤੀਆਂ ਦੀ
ਸਾਕਾਰਆਤਮਕ ਵਰਤੋਂ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦੀ
ਸਫ਼ਲਤਾ ਦਾ ਅਨਜ਼ਾਮ ਹਨ
ਆਧੁਨਿਕ ਮਨੁੱਖ
ਬਲਹੀਣ ਮਨੁੱਖ ਨੂੰ
ਆਪਣੇ ਤੋਂ ਦੂਰ ਰੱਖਣ ਦਾ
ਨਾ ਸਮਾਜ ਚੋਂ ਛੇਕਣ ਦਾ
ਚਾਹਵਾਨ ਹੈ
ਆਧੁਨਿਕ ਮਨੁੱਖ ਲਈ
ਨਾ ਇਹ ਅਗਾਂਹਵਧੂ
ਰਾਹ ਹੈ
ਨਾ ਇਨਸਾਨ ਲਈ
ਇਨਸਾਨ ਦਾ
ਇਹ ਵਤੀਰਾ ਮਹਾਨ ਹੈ
ਆਧੁਨਿਕ ਮਨੁੱਖ
ਬੁਰੇ ਚੋਂ ਬੁਰਾਈ ਖਤਮ ਕਰਨ
ਬਲਹੀਣ 'ਚ ਬਲ ਭਰਨ
ਦਾ ਹਾਮੀ ਹੈ
ਨਾ ਉਹਦੀ ਨਿਗਾਹ 'ਚ
ਕੋਈ ਗੁਲਾਮ ਹੈ ਨਾ ਗੁਲਾਮੀ ਹੈ

ਬੁਰਾਈ ਨੂੰ ਜੜ੍ਹਾਂ ਤੋਂ ਪੁੱਟਣਾ
ਬਲਹੀਣ ਨੂੰ ਬਲ ਬਖ਼ਸ਼ਣਾ
ਆਧੁਨਿਕ ਮਨੁੱਖ ਦਾ
ਕਰਤਵ ਹੈ ਧਰਮ ਹੈ ਕਰਮ ਹੈ
ਬੁਰਾਈ ਸ਼ਕਤੀ ਹੈ
ਸ਼ਕਤੀ ਆਪਣੇ ਆਪ 'ਚ
ਬੁਰੀ ਨਹੀਂ ਹੁੰਦੀ
ਆਧੁਨਿਕ ਬੋਧ ਅਨੁਸਾਰ
ਸ਼ਕਤੀ ਦੀ ਵਰਤੋਂ ਤੇ ਸਿੱਟਾ
ਸ਼ਕਤੀ ਨੂੰ ਬੁਰਾਈ ਜਾਂ
ਚੰਗਿਆਈ ਦਾ ਰੂਪ ਦਿੰਦਾ ਹੈ
ਆਦਮੀ ਕੋਈ ਵੀ
ਬੁਰਾ ਨਹੀਂ ਹੁੰਦਾ
ਉਸ ਦਾ ਕਰਮ ਹੀ
ਉਸਨੂੰ ਚੰਗਾ ਜਾਂ ਬੁਰਾ
ਬਣਾਉਂਦਾ ਹੈ
ਬੁੱਧ ਤੇ ਸਿਆਣਪ
ਸੰਗ ਵਰਤੀ ਸ਼ਕਤੀ
ਮਨੁੱਖ ਨੂੰ ਬੁਰਾਈ ਤੋਂ
ਚੰਗਿਆਈ 'ਚ ਬਦਲਦੀ ਹੈ
ਆਧੁਨਿਕ ਮਨੁੱਖ ਦਾ
ਸੰਕਲਪ

ਪਿਆਰ ਤਿਆਗ ਦਾ
ਬਰਾਬਰਤਾ ਅਨੁਸ਼ਾਸਨ
ਤੇ ਕਿਰਦਾਰ ਤੇ ਅਧਾਰਤ ਹੈ
ਮਨੁੱਖਤਾ ਦਾ ਵੱਸਣ
ਸਾਂਝੀ ਧਰਤੀ
ਸਾਂਝਾ ਅੰਬਰ ਹੈ
ਪਿੰਡਾਂ ਸ਼ਹਿਰਾਂ ਪ੍ਰਾਂਤਾਂ
ਦੇਸ਼ਾਂ ਦਿਆਂ ਹੱਦਿਆਂ
ਬੰਨਿਆਂ ਤੋਂ ਬਾਹਰ ਹੈ
ਇਹ ਇਕ ਵਿਸ਼ਵ ਘਰ ਹੈ
ਮਨੁੱਖਤਾ ਦਾ ਸਾਂਝਾ ਦਰ ਹੈ
ਮਨੁੱਖ ਦਾ ਸਵੈ
ਜੀਵਨ ਦਾ ਸਵੈ ਹੈ
ਪਰਮ ਪੁਰਖ
ਆਧੁਨਿਕ ਮਨੁੱਖ ਦਾ ਸਵੈ ਹੈ
ਆਧੁਨਿਕ ਮਨੁੱਖ ਹੀ
ਮਨੁੱਖਤਾ ਦਾ ਭਗਵਾਨ ਹੈ
ਮਨੁੱਖ ਹੀ ਮਨੁੱਖਤਾ
ਦੀ ਪੂਜਾ ਹੈ
ਮਨੁੱਖ ਹੀ ਮਨੁੱਖਤਾ ਦੀ
ਪੂਜਾ ਸਮੱਗਰੀ ਹੈ
ਮਨੁੱਖ ਹੀ ਸਿਮਰਣ ਹੈ
ਅਰਾਧਨਾ ਹੈ

ਮਨੁੱਖੀ ਊਰਜਾ ਦੀ ਵਰਤੋਂ
ਆਧੁਨਿਕ ਮਨੁੱਖ ਨੂੰ
ਆਧੁਨਿਕ ਬੋਧ ਕਰਵਾਉਂਦਾ ਹੈ
ਇਹ ਊਰਜਾ
ਮਨੁੱਖ ਜਦ ਗਲਤ ਤਰੀਕੇ ਨਾਲ
ਗਲਤ ਕੰਮ ਲਈ ਵਰਤਦਾ ਹੈ
ਤਾਂ ਇਹ ਮਨੁੱਖ ਸਮਾਜ
ਤੇ ਵਿਸ਼ਵ ਦਾ ਨੁਕਸਾਨ ਕਰਦੀ ਹੈ
ਊਰਜਾ ਦਾ ਵਰਤਣ ਢੰਗ
ਤੇ ਮਕਸਦ ਹੀ
ਇਸ ਨੂੰ ਚੰਗਾ ਜਾਂ ਬੁਰਾ
ਰੂਪ ਦਿੰਦਾ ਹੈ
ਸਮਾਜ ਨੂੰ ਤੰਦਰੁਸਤ
ਸਭਿਅੱਕ ਤੇ ਮਜ਼ਬੂਤ
ਬਣਾਉਂਦੀ ਹੈ
ਸਮਾਜ ਨੂੰ
ਮਨੁੱਖਤਾ ਤੇ ਵਿਸ਼ਵ ਦੀਆਂ
ਨਜ਼ਰਾਂ 'ਚ
ਉੱਚਾ ਉਠਾਉਂਦੀ ਹੈ
ਕਿਉਂਕਿ ਆਧੁਨਿਕਤਾ ਦੇ
ਕਾਰਜ ਖੇਤਰ 'ਚ

ਨ੍ਹਾਵਾਦੀ ਸੁਭਾਅ ਵਾਲੀ
ਕੋਈ ਗੱਲ ਨਹੀਂ
ਅੰਨ੍ਹ ਭੁੱਖ ਖੇਤ ਤੇ ਬਰੂਦ ਦਾ
ਸੱਚ ਵੀ
ਆਧੁਨਿਕਤਾ ਹੀ ਸਮਝਾਉਂਦੀ ਹੈ
ਅੰਨ੍ਹ ਭੁੱਖ ਦੀ ਤ੍ਰਿਪਤੀ ਹੈ
ਖੇਤ ਅੰਨ੍ਹ ਪੂਰਤੀ ਦਾ ਸਾਧਨ ਹੈ
ਬਰੂਦ ਤਬਾਹੀ ਦਾ
ਯਥਾਰਥਕ ਸੱਚ ਹੈ
ਖੇਤ 'ਚ ਬਰੂਦ ਉੱਗਾਉਣ ਦੀ ਥਾਂ
ਅੰਨ੍ਹ ਉੱਗਾਉਣ ਦੀ ਤਬਦੀਲੀ
ਸਿਰਫ਼ ਤੇ ਸਿਰਫ਼
ਆਧੁਨਿਕ ਸੋਚ ਹੀ
ਲਿਆਉਂਦੀ ਹੈ
ਛਾਲੇ ਹੋਈ ਧਰਤੀ
ਤੇ ਚੀਰੇ ਅੰਬਰ ਨੂੰ
ਇਹ ਸੋਚ ਹੀ ਹਰਿਆ
ਭਰਿਆ ਗੁਲਜ਼ਾਰ ਬਣਾਉਂਦੀ ਹੈ
ਆਧੁਨਿਕ ਸੋਚ
ਕਿਉਂਕਿ ਮੂਲ ਤੌਰ ਤੇ
ਸੱਚ ਸੁੰਦਰਤਾ ਤੇ ਕਲਿਆਣ
ਤੇ ਅਧਾਰਤ ਹੈ

ਸੱਚ ਸੁੰਦਰਤਾ ਕਲਿਆਣ
ਇਕ ਇਕਾਈ ਹੈ
ਇਹ ਇਕਾਈ ਹੀ
ਸਮਾਜ ਮਨੁੱਖ ਤੇ
ਮਨੁੱਖਤਾ 'ਚ ਸਮਾਈ ਹੈ
ਇਸ ਇਕਾਈ ਦੀ ਪ੍ਰਯੋਗਸ਼ਾਲਾ
ਆਧੁਨਿਕ ਵਿਚਾਰਧਾਰਾ ਤੋਂ
ਬਿਨਾਂ ਦੁਰਲੱਭ ਹੈ
ਅਜੋਕੇ ਮਨੁੱਖ 'ਚ
ਲਹੂ ਦੇ ਰਿਸ਼ਤੇ ਵੀ ਪਾਣੀ
ਹੋ ਗਏ ਹਨ
ਮਨੁੱਖ 'ਚ ਪੈਸਾ ਪ੍ਰਧਾਨ ਹੈ
ਰਿਸ਼ਤਿਆਂ ਦੀ
ਕੋਈ ਮਹੱਤਤਾ ਨਹੀਂ
ਜਿਸ ਕਾਰਨ
ਮਨੁੱਖੀ ਸਮਾਜ ਦਾ ਚਿਹਰਾ
ਤਿੜਕਿਆ ਪਿਆ ਹੈ
ਇਸ ਤਿੜਕੇ ਚਿਹਰੇ 'ਚ
ਮਨੁੱਖ ਤੋਂ ਮਨੁੱਖ
ਦੂਰ ਹੋ ਗਿਆ ਹੈ
ਆਪਸ 'ਚ ਵਿੱਥਾਂ ਉੱਗਾ
ਰਿਹਾ ਹੈ

ਮਨੁੱਖ ਖੁਦ ਤੋਂ
ਦੂਰ ਹੁੰਦਾ ਜਾ ਰਿਹਾ ਹੈ
ਸਮਾਜਕ ਇਕਾਈ
ਕਮਜ਼ੋਰ ਹੁੰਦੀ ਜਾ ਰਹੀ ਹੈ
ਨਾ ਸਮਾਜ
ਮਨੁੱਖ ਦੇ ਸੰਗਠਨ ਦਾ ਹਾਮੀ ਹੈ
ਨਾ ਮਨੁੱਖ ਸਮਾਜ ਦੇ
ਸੰਗਠਨ ਦਾ ਹਾਮੀ ਹੈ
ਮਨੁੱਖੀ ਰਿਸ਼ਤਿਆਂ ਦੀ
ਮਜ਼ਬੂਤੀ
ਸਮਾਜਕ ਸੰਗਠਨ ਦੀ
ਮਜ਼ਬੂਤੀ ਹੈ
ਰਿਸ਼ਤਿਆਂ ਦੇ ਸੱਚ ਨੂੰ
ਸਮਝਣ ਦੀ ਸੂਝ ਬੂਝ
ਆਧੁਨਿਕ ਮਨੁੱਖ ਨੂੰ
ਆਧੁਨਿਕ ਸੋਚ ਪ੍ਰਦਾਨ ਕਰਦੀ ਹੈ
ਤਾਂ ਕਿ ਮਨੁੱਖ ਤੇ ਸਮਾਜ ਦਾ
ਸਮਾਜ ਤੇ ਮਨੁੱਖ ਦਾ ਸੰਗਠਨ
ਮਜ਼ਬੂਤ ਰਹੇ
ਇਸ ਤਰ੍ਹਾਂ
ਆਧੁਨਿਕ ਵਿਚਾਰਧਾਰਾ
ਸਰਬ ਮਨੁੱਖਤਾ

ਸਰਬ ਸਮਾਜ ਨੂੰ
ਆਪਣੇ ਕਲਾਵੇ 'ਚ ਲੈਣ
ਲਈ ਸਮਰਥ ਹੈ
ਮਨੁੱਖ ਤੇ ਮਨੁੱਖਤਾ
ਅਨੁਕੂਲ ਜੀਵਨ 'ਚ
ਸਾਹ ਪ੍ਰਦਾਨ ਕਰਨ ਦੀ ਸ਼ਕਤੀ ਹੈ
ਮਨੁੱਖੀ ਆਧੁਨਿਕ
ਵਿਚਾਰਧਾਰਾ
ਹਰ ਕੁਰੀਤੀ ਹਰ ਕਮਜ਼ੋਰੀ
ਹਰ ਵਰਤੀਰੇ ਦਾ ਇਲਾਜ ਹੈ
ਆਧੁਨਿਕਤਾ
ਆਪਣੇ ਆਪ 'ਚ
ਰੌਸ਼ਨੀ ਹੀਣ ਨਹੀਂ
ਰੌਸ਼ਨੀ ਦਾ ਸੋਮਾ ਹੈ
ਜੋ ਸਮੇਂ ਦੇ ਰਾਹ 'ਚ
ਮਨੁੱਖ ਦੇ ਰਾਹ 'ਚ
ਚਾਨਣ ਮੁਨਾਰੇ ਦਾ
ਕੰਮ ਕਰਦੀ ਹੈ
ਆਧੁਨਿਕਤਾ
ਸਿਆਣਪ ਦਾ ਮਦਰੱਸਾ ਹੈ
ਇਸ ਮਦਰੱਸੇ 'ਚ
ਜਿੱਥੇ ਮਨੁੱਖ ਗਿਆਨ

ਵਿਗਿਆਨ ਤੇ ਦਰਸ਼ਨ
ਪ੍ਰਾਪਤ ਕਰਦਾ ਹੈ
ਉਥੇ ਉਸਨੂੰ
ਜੀਵਨ ਜਿਉਣ ਲਈ
ਜੀਵਨ ਪ੍ਰਤੀ ਸੋਚਣ ਲਈ
ਮਨੁੱਖ ਤੇ ਮਨੁੱਖਤਾ ਨੂੰ
ਸਮਝਣ ਦੀ ਵੀ ਸਿਆਣਫ਼
ਮਿਲਦੀ ਹੈ
ਇਹ ਸਿਆਣਫ਼
ਮਨੁੱਖ ਨੂੰ ਸਹੀ ਰਾਹ ਤੇ
ਤੋਰਨ ਲਈ
ਆਪਣੀ ਸ਼ਕਤੀ ਦੀ ਸਹੀ
ਵਰਤੋਂ ਕਰਨੀ ਸਿੱਖਾਉਂਦੀ ਹੈ
ਆਧੁਨਿਕ ਮਨੁੱਖ
ਆਪਣੀ ਸ਼ਕਤੀ ਰਾਹੀਂ
ਨਾ ਸਮੁੰਦਰ ਉਬਾਲਦਾ ਹੈ
ਨਾ ਧਰਤ ਤੇ
ਅੰਨ੍ਹ ਦੀ ਥਾਂ ਬਰੂਦ
ਉਗਾਉਂਦਾ ਹੈ
ਨਾ ਮਨੁੱਖਤਾ ਝੁਲਸਦਾ ਹੈ
ਨਾ ਧਰਤੀ ਦੇ ਅੰਗ
ਲੂਹਦਾ ਹੈ

ਆਧੁਨਿਕ ਮਨੁੱਖ
ਧਰਤੀ ਹਰਿਆਉਲੀ ਰੱਖਦਾ ਹੈ
ਵਾਤਾਵਰਣ ਦੀ ਸਫ਼ਾਈ
ਤੇ ਪ੍ਰਦੂਸ਼ਣ ਰਹਿਤ
ਜੀਵਨ ਲਈ ਮਾਹੌਲ
ਸਿਰਜਦਾ ਹੈ
ਬੀਮਾਰ ਮਨੁੱਖ ਤੇ ਮਨੁੱਖਤਾ
ਦੇ ਦੁੱਖ ਦਰਦ ਨੂੰ ਸਮਝਦਾ ਹੈ
ਵਿਸ਼ਵ ਪ੍ਰਤੀ
ਆਪਣਾ ਵਰਤੀਰਾ ਪ੍ਰਗਟ
ਤੇ ਪ੍ਰਮਾਣਿਤ ਰੱਖਦਾ ਹੈ

0 0 0

# ਆਧੁਨਿਕ ਮਨੁੱਖ
# ਤੇ ਸਮਾਜ

ਜੀਵਨ ਮਨੁੱਖ ਦੀ
ਕੁੱਖ ਚੋਂ ਜਮਨਦਾ ਹੈ
ਮਨੁੱਖਤਾ 'ਚ ਵਿਚਰਦਾ ਹੈ
ਤੇ ਵਿਕਸਤ ਹੁੰਦਾ ਹੈ
ਮਨੁੱਖਤਾ ਜੀਵਨ 'ਚ
ਆਪਣਾ ਬੋਧ
ਆਪਣਾ ਲਹੂ ਉਤਾਰਦੀ ਹੈ
ਜੀਵਨ ਦਾ ਰੂਪ ਰੰਗ
ਨਕਸ਼ੇ ਤੇ ਚਿਹਰਾ ਸੁਆਰਦੀ ਹੈ
ਜੀਵਨ ਦੀ ਕਦਰ ਕਰਦੀ ਹੈ
ਜੀਵਨ ਵੀ
ਮਨੁੱਖ ਨੂੰ ਰਹਿਣ ਲਈ
ਸੁਵਿਧਾਵਾਂ ਭੇਂਟ ਕਰਦਾ ਹੈ
ਸੁੰਦਰ ਘਰ
ਸੁੰਦਰ ਪਤਨੀ
ਸੁੰਦਰ ਬੱਚੇ ਮਨੁੱਖ ਦੀ
ਝੋਲੀ 'ਚ ਧਰਦਾ ਹੈ
ਜੀਵਨ
ਵਿਗਿਆਨ ਗਿਆਨ
ਤੇ ਦਰਸ਼ਨ ਨਾਲ ਮਨੁੱਖ ਨੂੰ
ਨਿਵਾਜ਼ਦਾ ਹੈ

ਸੁੱਖ ਸ਼ਾਂਤੀ ਆਰਾਮ
ਐਸ਼ੋਇਸ਼ਰਤ ਦਾ ਸਾਮਾਨ
ਮਨੁੱਖ ਦੇ ਜੀਵਨ 'ਚ
ਉਤਾਰਦਾ ਹੈ
ਮਨੁੱਖ ਜੇ
ਜੀਵਨ ਨੂੰ ਖ਼ੂਬਸੂਰਤੀ
ਭੇਂਟ ਕਰਦਾ ਹੈ
ਤਾਂ ਜੀਵਨ ਮਨੁੱਖ ਦੀ ਤਲੀ ਤੇ
ਸਵਰਗ ਧਰਦਾ ਹੈ
ਮਨੁੱਖ ਦਾ
ਜੀਵਨ ਨੂੰ ਸੁਆਰਨਾ
ਤੇ ਮਨੁੱਖਤਾ ਅਨੁਕੂਲ
ਬਨਾਉਣਾ ਫਰਜ਼ ਹੈ
ਜੀਵਨ ਦੀਆਂ
ਦਿੱਤੀਆਂ ਸਹੂਲਤਾਂ
ਖ਼ੁਸ਼ੀਆਂ ਰੰਗ ਰੌਣਕਾਂ
ਖ਼ੂਬਸੂਰਤੀ ਜੀਣ ਦਾ
ਮਨੁੱਖ ਸਿਰ ਕਰਜ਼ ਹੈ
ਬੇਸ਼ੱਕ ਜੀਵਨ
ਮਨੁੱਖ ਦੀ ਕੁੱਖ ਚੋਂ ਜਨਮਦਾ ਹੈ
ਪਰ ਜੀਵਨ ਮਨੁੱਖ ਦੀ
ਖ਼ੁਸ਼ੀ ਹੈ ਆਸਰਾ ਹੈ

ਮਨੁੱਖ ਦਾ ਮਦਰੱਸਾ ਹੈ
ਮੰਦਰ ਹੈ ਮਸਜ਼ਿਦ ਹੈ
ਜੋ ਮਨੁੱਖ ਨੂੰ
ਜੀਵਨ ਜਾਂਚ ਸਿੱਖਾਉਂਦਾ ਹੈ
ਮਨੁੱਖ ਨੂੰ
ਪਾਲਦਾ ਪੋਸਦਾ ਇਕ ਅੱਛਾ
ਇਨਸਾਨ ਬਣਾਉਂਦਾ ਹੈ
ਮਨੁੱਖ ਨੇ ਆਦਿ ਤੋਂ
ਹੁਣ ਤਕ
ਜੋ ਵੀ ਖੱਟਿਆ ਹੈ
ਕਮਾਇਆ ਹੈ
ਇਹ ਮਨੁੱਖ ਲਈ
ਜੀਵਨ ਦਾ ਸਰਮਾਇਆ ਹੈ
ਮਨੁੱਖ ਦੀ ਤ੍ਰੱਕੀ ਦੀ ਸਿਖ਼ਰ
ਜੀਵਨ ਸੋਮਾ ਹੈ
ਜੀਵਨ ਉਹ ਸਮੁੰਦਰ ਹੈ
ਜਿਸ ਨੂੰ ਮਨੁੱਖ
ਖਾਂਦਾ ਪੀਂਦਾ ਜਿਉਂਦਾ ਤੇ
ਹੰਢਾਉਂਦਾ ਹੈ
ਜੀਵਨ ਦੀ ਰਫ਼ਤਾਰ
ਮਨੁੱਖੀ ਰਫ਼ਤਾਰ ਨਾਲੋਂ ਤੇਜ਼ ਹੈ
ਜੀਵਨ ਮਨੁੱਖ ਨਾਲੋਂ
ਬਹੁਤ ਅੱਗੇ ਹੈ

ਜੀਵਨ
ਗਤੀ ਦੀ ਸਿਖ਼ਰ ਵੱਲ ਜਾਂਦਾ
ਮਨੁੱਖ ਨੂੰ
ਜੀਵਨ ਗਤੀ ਸਿਖਾਉਂਦਾ ਹੈ
ਜੀਵਨ
ਮਨੁੱਖ ਨੂੰ ਸਮੇਂ ਦੇ
ਹਾਣ ਦਾ ਬਣਾਉਂਦਾ ਹੈ
ਜੀਵਨ ਦੀ ਕਸ਼ਿਸ਼
ਮਨੁੱਖ ਨੂੰ
ਜੰਗਲੀ ਤੋਂ ਸੱਭਿਅਕ
ਬਣਾਉਂਦੀ ਹੈ
ਜੰਗਲੀ ਸੱਭਿਅਤਾ ਤੋਂ
ਸ਼ੀਸ਼ੇ ਦੀ ਸੱਭਿਅਤਾ ਤਕ
ਲੈ ਆਉਂਦੀ ਹੈ
ਮਨੁੱਖ ਨੇ ਆਪਣੇ ਲਈ
ਆਪਣੀ ਸਹੂਲਤ ਲਈ
ਜੋ ਵੀ ਖੋਜਾਂ ਕੀਤੀਆਂ ਹਨ
ਉਨ੍ਹਾਂ ਦਾ ਸੋਮਾ ਜੀਵਨ ਹੈ
ਜੀਵਨ ਗਤੀ
ਕੁਦਰਤੀ ਸੁਭਾਅ ਤੇ ਵੇਗ ਦੀ
ਧਾਰਨੀ ਹੈ
ਜੀਵਨ 'ਚ ਉਲਾਰ

ਨਾ ਮਾਤਰ ਰਹੇ
ਆਧੁਨਿਕਤਾਂ ਜੀਵਨ
ਅਹਿਸਾਸ ਦੀ ਗਤੀ ਹੋ
ਗੁਜ਼ਰਦੀ ਹੈ
ਜੀਵਨ ਸੰਗ
ਕਦਮ ਨਾਲ ਕਦਮ ਮੇਲ ਕੇ
ਤੁਰਦੀ ਹੈ
ਜੀਵਨ ਦਾ ਹਰ ਖਲਾਅ
ਭਰਦੀ ਹੈ
ਜੀਵਨ ਦਾ ਸੱਚ
ਜੀਵਨ ਦਾ ਝੂਠ ਤਰਦੀ ਹੈ
ਵਿਗਿਆਨਕ ਦ੍ਰਿਸ਼ਟੀ ਤੋਂ
ਜੀਵਨ ਵੇਗ ਲਈ
ਹਰ ਰਾਹ ਸਿਰਜਦੀ ਹੈ
ਜੀਵਨ ਕਲਬੂਤ ਹੈ
ਤਾਂ ਰੂਹ ਆਧੁਨਿਕਤਾ ਹੈ
ਜੇ ਆਧੁਨਿਕਤਾ ਕਲਬੂਤ ਹੈ
ਤਾਂ ਰੂਹ ਜੀਵਨ ਹੈ
ਇਕ ਦੂਜੇ ਤੋਂ ਬਿਨਾਂ
ਦੋਵੇਂ ਹੀ ਅਧੂਰੇ ਹਨ
ਅੱਧੇ ਪੌਣੇ ਹਨ
ਨਾ ਸਾਲਮ ਪੂਰੇ ਹਨ

ਆਧੁਨਿਕਤਾ ਤੇ ਜੀਵਨ
ਹੱਦਾਂ ਬੰਨਿਆਂ ਤੋਂ ਪਰਾਂ
ਕੁਦਰਤੀ ਸੋਮਿਆਂ ਦੀ
ਤਕਸੀਮ ਤੋਂ ਬਿਨਾਂ
ਸਰਬ ਸਾਂਝੇ ਸੰਸਾਰ ਦਾ
ਜਿਸਦਾ ਆਧਾਰ
ਆਧੁਨਿਕਤਾ ਹੈ ਮਨੁੱਖ ਹੈ
ਦਾ ਸੰਕਲਪ ਕਰਦੇ ਹਨ
ਜੀਵਨ ਵਿਚਲੇ ਅਸਲ ਸੱਚ
ਦਾ ਪ੍ਰਗਟਾਅ ਕਰਦੇ ਹਨ
ਸੱਚਾ ਸੁੱਚਾ
ਸਾਫ਼ ਸੁਥਰਾ ਸਿਸਟਮ
ਮਨੁੱਖ ਦੀ ਤਲੀ ਤੇ
ਧਰਦੇ ਹਨ
ਜੀਵਨ ਦਾ ਵਜ਼ੂਦ
ਜੀਵਨ ਹੋਂਦ ਦਾ ਸੱਚ
ਦਰਸਾਉਂਦੇ ਹਨ
ਮਨੁੱਖ ਤੇ ਮਨੁੱਖਤਾ ਦੇ ਮੱਥੇ
ਸੱਚ ਦੇ
ਸੂਰਜ ਉੱਗਾਉਂਦੇ ਹਨ
ਜੀਵਨ ਵਿਚਲੀ
ਕਾਰਜ ਪ੍ਰਣਾਲੀ

ਜੀਵਨ ਦੀਆਂ
ਰਗਾਂ 'ਚ ਦੌੜਦਾ ਲਹੂ
ਜੀਵਨ ਦੇ ਵਜ਼ੂਦ
ਤੇ ਅਣੂਆਂ ਦਾ ਰਾਜ਼ ਦੱਸਦੇ ਹਨ
ਕਿਰਨਾਂ ਕੱਤਦੇ ਹਨ
ਸੂਰਜਾਂ ਦੇ ਗੋਲੇ ਵੱਟਦੇ ਹਨ
ਕਿ ਵਿਸ਼ਵ ਰੁਸ਼ਨਾ ਸਕੇ
ਵਿਸ਼ਵ
ਆਪਣੀ ਹੋਂਦ ਦਾ ਸੱਚ
ਪਾ ਸਕੇ
ਆਪਣੀ ਸ਼ੋਭਾ
ਜਿਉਂਦੇ ਜੀਅ ਹੰਢਾਅ ਸਕੇ
ਆਧੁਨਿਕ ਸਹਿਤ
ਜੀਵਨ ਸਿਰਜਣਾ 'ਚ
ਅਤੇ ਵਿਸਥਾਰ 'ਚ
ਅਹਿਮ ਰੋਲ ਅਦਾ ਕਰਦਾ ਹੈ
ਜੀਵਨ ਦੀ ਤਲੀ ਤੇ
ਦਰਪਣ ਚਿਹਰਾ ਤੋਂ
ਜੀਵਨ ਦਾ ਸੱਚ ਧਰਦਾ ਹੈ
ਨਾਥਾਂ ਜੋਗੀਆਂ ਦੇ ਸਾਹਿਤ ਤੋਂ
ਹੁਣ ਤੱਕ ਦੇ ਸਾਹਿਤ ਵਿਚ
ਕਈ ਸਾਹਿਤਕ ਧਰਾਵਾਂ
ਆਈਆਂ ਹਨ

ਜਿਨ੍ਹਾਂ ਦਾ ਅਸਰ
ਪੁਰਾਤਨ ਜੀਵਨ ਤੋਂ
ਹੁਣ ਤਕ ਦੇ ਜੀਵਨ ਤੇ ਪਿਆ
ਇਹ ਅਸਰ
ਅਜੋਕੇ ਮਨੁੱਖੀ ਸਮਾਜ ਤੇ
ਵਿਸ਼ਵ ਤੇ ਪ੍ਰਤੱਖ
ਨਜ਼ਰ ਆਉਂਦਾ ਹੈ
ਇਸ ਅਸਰ 'ਚ
ਮਨੁੱਖ ਸਮਾਜ ਮਨੁੱਖਤਾ
ਤੇ ਵਿਸ਼ਵ ਦਾ ਚਿਹਰਾ
ਰੰਗ ਰੂਪ ਸਮਾਇਆ ਹੈ
ਨਾਥਾਂ ਜੋਗੀਆਂ ਤੋਂ ਬਾਅਦ
ਕਿੱਸਾ ਕਾਵਿ ਰੁਮਾਂਚਿਕ
ਸਾਹਿਤ ਧਾਰਾ ਵਗਦੀ ਹੈ
ਜੋ ਸਮਾਜ ਨੂੰ
ਆਪਣੇ ਰੰਗ 'ਚ ਰੰਗਦੀ ਹੈ
ਭਾਈ ਵੀਰ ਸਿੰਘ ਤੋਂ ਪਿੱਛੋਂ
ਆਧੁਨਿਕ ਸਹਿਤ ਦਾ
ਆਰੰਭ ਹੁੰਦਾ ਹੈ
ਪ੍ਰਗਤੀਵਾਦ ਪ੍ਰਯੋਗਸ਼ੀਲ
ਜੁਝਾਰੂ ਸਰਚਨਾਵਾਦ
ਨਕਸਲਬਾੜੀ
ਸਾਹਿਤਕ ਧਰਾਵਾਂ ਦਾ ਰੂਪ
ਸਮਾਜ 'ਚ ਨਿਸ਼ੰਗ ਹੁੰਦਾ ਹੈ

ਸਮੇਂ ਸਮੇਂ ਅਨੁਸਾਰ
ਵਿਸ਼ਵ 'ਚ ਅਨੇਕਾਂ ਸਾਹਿਤਕ
ਧਾਰਾਵਾਂ ਆਈਆਂ
ਜੋ ਆਪਣੇ ਅਸਰ ਅਨੁਸਾਰ
ਸਮਾਜਕ ਤਬਦੀਲੀਆਂ
ਲਿਆਈਆਂ
ਇਨ੍ਹਾਂ ਸਭ ਸਾਹਿਤਕ
ਧਾਰਾਵਾਂ 'ਚ
ਕਿਤੇ ਨਾ ਕਿਤੇ ਆਧੁਨਿਕਤਾ
ਦੀ ਸਰਬ ਵਿਆਪਕਤਾ ਦਾ
ਅੰਸ਼ ਮੌਜ਼ੂਦ ਹੈ
ਕਿਉਂਕਿ
ਮੁੱਢਲੇ ਸਮਾਜ 'ਚ
ਆਧੁਨਿਕਤਾ ਆਧੁਨਿਕ ਮਨੁੱਖ
ਤੇ ਸਮਾਜ ਦੇ
ਅੰਕੁਰ ਦਾ ਵਜ਼ੂਦ ਹੈ
ਆਧੁਨਿਕ ਮਨੁੱਖ ਤੇ
ਸਮਾਜ ਸਿਰਜਣਾ ਦਾ ਯਤਨ ਹੈ
ਜਿਸਦਾ ਆਦਿ ਤਾਂ ਹੈ
ਨਾ ਅੰਤ ਹੈ
ਸਾਹਿਤ ਧਾਰਾਵਾਂ ਸਮਾਜ ਸੁਧਾਰ
ਤੇ ਸਮਾਜਕ ਬੁਲੰਦੀਆਂ
ਛੋਹਣ ਦੇ ਯਤਨ ਹੈ

0 0 0

ਆਪਣੀ ਵਿਚਾਰਧਾਰਾ 'ਚ
ਕਰਦੀਆਂ ਹਨ
ਸਮਾਜ ਦੇ ਰਾਹਾਂ 'ਚ
ਆਪਣੀ ਰੌਸ਼ਨੀ ਦੇ
ਚਿਰਾਗ ਧਰਦੀਆਂ ਰਹੀਆਂ ਹਨ
ਇਨ੍ਹਾਂ ਧਾਰਾਵਾਂ ਤੇ ਅਤਾਧੁਨਿਕਤਾ 'ਚ
ਇਨ੍ਹਾਂ ਯਤਨਾਂ ਦੀ ਸਾਂਝ ਹੈ
ਪਰ ਆਧੁਨਿਕਤਾ
ਇਨ੍ਹਾਂ ਸਾਹਿਤਕ ਧਾਰਾਵਾਂ ਚੋਂ
ਪ੍ਰਮੁੱਖ ਹੈ
ਜੋ ਆਦਿ ਸਮਾਜ ਤੋਂ
ਅਜੋਕੇ ਸਮਾਜ ਤੱਕ
ਆਪਣਾ ਅਸਰ
ਬੀਜਦੀ ਆਈ ਹੈ
ਜਿਸ ਨੇ
ਅਜੋਕੇ ਮਨੁੱਖ 'ਚ
ਭਵਿਖਤ ਸੋਚ ਜਗਾਈ ਹੈ
ਸਾਹਿਤਕ ਧਾਰਾਵਾਂ ਦੇ ਦੌਰ
ਆਏ ਤੇ ਅਲੋਪ ਹੋ ਗਏ
ਪਰ ਆਧੁਨਿਕ ਧਾਰਾ ਦਾ
ਦੌਰ ਅੰਤ ਰਹਿਤ ਹੈ
ਆਧੁਨਿਕ ਸਾਹਿਤ
ਅਜੋਕੇ ਸਮਾਜਕ ਜੀਵਨ ਦੀ

ਚੀਰ ਫਾੜ ਕਰਦਾ ਹੈ
ਸਮਾਜ ਦਾ ਝੂਠ ਤੇ ਸੱਚ
ਮਨੁੱਖੀ ਅੱਖ੍ਹਾਂ 'ਚ ਧਰਦਾ ਹੈ
ਸਮਾਜ ਪ੍ਰਤੀ ਮਨੁੱਖ ਦੀ
ਮਨੁੱਖ ਪ੍ਰਤੀ ਸਮਾਜ ਦੀ
ਕੀ ਜਮ੍ਹਾਂ ਹੈ
ਇਸਨੂੰ ਆਲੋਚਨਾਤਮਕ
ਦ੍ਰਿਸ਼ਟੀ ਤੋਂ ਵੇਖਦਾ ਹੈ
ਸਮਾਜਕ ਕਾਰਜ ਪ੍ਰਣਾਲੀ
ਦਲੀਲ ਤੇ ਤਰਕ ਤੇ ਘੋਖਦਾ ਹੈ
ਅਜੋਕੇ ਸਮਾਜ 'ਚ
ਮਨੁੱਖ ਦੀ ਟੁੱਟ ਭੱਜ
ਮਨੁੱਖੀ ਰਿਸ਼ਤਿਆਂ ਦਾ
ਸ਼ੋਸ਼ਣ ਵਿਚਾਰਦਾ ਹੈ
ਆਧੁਨਿਕ ਸਾਹਿਤ
ਆਧੁਨਿਕਤਾ ਦੀ ਪ੍ਰਯੋਗਸ਼ਾਲਾ 'ਚ
ਇਹ ਸਭ ਕੁੱਝ ਉਤਾਰਦਾ ਹੈ
ਪ੍ਰਯੋਗਿਕ ਕ੍ਰਿਆ ਚੋਂ
ਆਧੁਨਿਕ ਮਨੁੱਖ ਸਮਾਜ
ਵਿਸ਼ਵ ਦਾ ਸੰਕਲਪ ਉਸਾਰਦਾ ਹੈ
ਅਜੋਕੇ ਮਨੁੱਖ ਦਾ
ਵਿਚਰਨ ਧਰਾਂਤਲ

ਅੰਦਰਮੁੱਖੀ ਤੇ ਬਾਹਰਮੁੱਖੀ
ਪ੍ਰਵਿਰਤੀਆਂ ਦਾ
ਜਾਇਜ਼ਾ ਲੈਂਦਾ ਹੈ
ਸਮਾਜਕ ਰਾਹਾਂ
ਦ੍ਰਿਸ਼ਟੀਆਂ ਤੇ ਮੰਜ਼ਿਲਾਂ
ਦੀ ਪੂਰਤੀ ਲਈ
ਚਾਨਣ ਬਣਕੇ ਵਹਿੰਦਾ ਹੈ
ਆਧੁਨਿਕ ਸਾਹਿਤਕ
ਵਿਚਾਰਧਾਰਾ
ਜਿਥੇ ਇਸ ਤਰ੍ਹਾਂ
ਮਨੁੱਖੀ ਸਮਾਜਕ ਨਰੀਖਣ
ਕਰਦੀ ਹੈ
ਉਥੇ ਮਨੁੱਖੀ ਤੇ ਸਮਾਜ ਨੂੰ
ਨਿਰੰਤਰ ਸਾਫ਼ ਸੁਥਰੇ
ਰਾਹ ਅਪਣਾਉਣ ਲਈ
ਉਕਸਤ ਕਰਦੀ ਹੈ
ਤਾਂ ਕਿ ਮਨੁੱਖ ਤੇ ਸਮਾਜ 'ਚ
ਸੰਤੁਲਨ ਬਣਿਆ ਰਹੇ
ਜੀਵਨ ਦਾ ਦਰਿਆ
ਸੰਯਮ ਤੇ ਅਨੁਸ਼ਾਸਨ 'ਚ
ਵਗਦਾ ਰਹੇ
ਜਿੱਥੇ ਆਧੁਨਿਕ ਸਾਹਿਤ
ਅਜੋਕੇ ਮਨੁੱਖ ਤੇ ਸਮਾਜ ਦੀ

ਤਸਵੀਰ ਪੇਸ਼ ਕਰਦਾ ਹੈ
ਉਥੇ ਅਜੋਕੇ ਸਮਾਜ ਦੀ
ਰਾਜਨੀਤਕ ਆਰਥਕ
ਸਮਾਜਕ ਤੇ ਸ਼ਾਸਨ ਪ੍ਰਣਾਲੀ
ਵੱਲ ਵੀ ਨਿਗ੍ਹਾ ਮਾਰਦਾ ਹੈ
ਸਮਾਜਕ ਕਮੀਆਂ ਕਮਜ਼ੋਰੀਆਂ
ਕੁਰੀਤੀਆਂ
ਸਮਾਜ ਦੇ ਦਰਪਣ 'ਚ ਉਤਾਰਦਾ ਹੈ
ਆਧੁਨਿਕਤਾ
ਨਿਰੰਤਰ ਗਤੀਸ਼ੀਲ
ਅੰਤ ਰਹਿਤ ਸਫ਼ਰ ਹੈ
ਇਸ ਲਈ ਆਧੁਨਿਕ
ਸਾਹਿਤ ਵਿਚਾਰਧਾਰਾ
ਗਤੀਸ਼ੀਲ ਹੈ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦੇ ਵਿਕਾਸ 'ਚ
ਇਹ ਧਾਰਾ ਅਹਿਮ ਯੋਗਦਾਨ
ਪਾ ਰਹੀ ਹੈ
ਅਜੋਕੇ ਸਮਾਜ ਮਨੁੱਖ ਤੇ
ਵਿਸ਼ਵ ਨੂੰ
ਆਪਣੇ ਅਨੁਕੂਲ ਬਣਾ ਰਹੀ ਹੈ
ਇਸਦਾ ਸੰਕਲਪ
ਚਿਰੰਜੀਵ ਹੈ ਤ੍ਰੈਕਾਲਮੁੱਖੀ ਹੈ

ਇਸ ਸੱਚ ਨੂੰ
ਆਧੁਨਿਕ ਧਾਰਾ ਚੰਗੀ
ਤਰ੍ਹਾਂ ਜਾਣਦੀ ਹੈ
ਪਹਿਚਾਣਦੀ ਹੈ
ਜਿਵੇਂ ਸੱਚ ਦਾ ਕੋਈ ਅੰਤ ਨਹੀਂ
ਭਲਾਈ ਦਾ ਨੇਕੀ ਦਾ ਕੋਈ ਅੰਤ ਨਹੀਂ
ਆਧੁਨਿਕਤਾ
ਇਨ੍ਹਾਂ ਗੁਣਾਂ ਨਾਲ ਭਰਪੂਰ ਹੈ
ਆਪਣੇ ਸਫ਼ਰ ਦੀ ਮਸਤੀ 'ਚ
ਚੂਰ ਹੈ
ਅਜੋਕਾ ਮਨੁੱਖ ਜੋ ਆਪਣਾ ਸੱਚ
ਆਪਣੀ ਹੋਂਦ ਗੁਆ ਬੈਠਾ ਹੈ
ਮੌਸਮਾਂ ਰੁੱਤਾਂ ਬਹਾਰਾਂ ਦਾ ਦਰ
ਤਿਆਗ
ਚੁੱਪ ਉਦਾਸੀ ਇਕੱਲਤਾ ਦੇ
ਦਰ ਆ ਬੈਠਾ ਹੈ
ਅੱਜ ਆਪਣੀ ਹੋਂਦ
ਆਪਣੇ ਸੱਚ ਦੀ ਤਲਾਸ਼ 'ਚ
ਤਰਲੋ ਮੱਛੀ ਹੋ ਰਿਹਾ ਹੈ
ਆਪਣੀ ਚੁੱਪ ਉਦਾਸੀ ਤੇ
ਇਕੱਲਤਾ 'ਚ ਬੈਠਾ
ਚੁੱਪ ਦੇ ਹੰਝੂ ਰੋ ਰਿਹਾ ਹੈ

ਨਾ ਮਨ ਦੀ ਸ਼ਾਂਤੀ
ਨਾ ਸਰੀਰਕ ਸਾਕੂਨ ਹਾਸਲ ਹੈ
ਆਪਣੀ ਤਾਕਤ ਦੇ ਨਸ਼ੇ 'ਚ
ਆਪਣੇ ਆਪ ਦਾ ਕਾਤਲ ਹੈ
ਸਾਰਾ ਅੰਬਰ ਗਾਹਿਆ ਹੈ
ਸਾਰੀ ਧਰਤੀ ਕੱਛੀ ਹੈ
ਮਨੁੱਖ ਕਰ ਨਹੀਂ ਸਕਿਆ
ਕੁਝ ਵੀ ਹਾਸਲ
ਆਪਣੇ ਆਪ 'ਚ
ਮਨੁੱਖ ਕੀ ਹੈ
ਕਿੱਥੋਂ ਆਇਆ ਹੈ
ਕਿੱਥੇ ਜਾਣਾ ਹੈ
ਜੀਵਨ 'ਚ
ਉਸਦਾ ਕੀ ਮਕਸਦ ਹੈ
ਇਨ੍ਹਾਂ ਸੁਆਲਾਂ ਦਾ ਸਾਹਮਣਾ
ਕਰਦਾ
ਪਲ ਪਲ ਟੁੱਟ ਰਿਹਾ ਹੈ
ਭੱਜ ਰਿਹਾ ਹੈ
ਸੱਚ ਦੀ ਤਲਾਸ਼ 'ਚ
ਮਨੁੱਖ ਪੱਥਰਾਂ 'ਚ ਵੱਜ ਰਿਹਾ ਹੈ
ਆਪਣੇ ਦੁਆਲੇ
ਚੁੱਪ ਉਦਾਸੀਆਂ ਪੱਤਝੜਾਂ

ਵੀਰਾਨੀਆਂ ਉਸਾਰ ਲਈਆਂ ਹਨ
ਮਨੁੱਖ ਦੇ ਅੰਗ ਨਕਸ਼
ਉਸਦੇ ਦੁਆਲੇ ਖਿਲਰ ਗਏ ਹਨ
ਅਜ਼ਨਬੀਪਣ ਦੀਆਂ
ਦੀਵਾਰਾਂ ਤੇ ਵਿੱਥਾਂ
ਮਨੁੱਖ ਨੇ ਆਪਣੇ ਅੰਦਰ
ਉਸਾਰ ਲਈਆਂ ਹਨ
ਬਿਖਰੇ ਅੰਗਾਂ ਤੇ ਨਕਸ਼ਾਂ ਨੂੰ
ਜੋੜਣ ਦਾ ਇੱਛੁਕ ਤਾਂ ਹੈ
ਸਮੇਂ ਦੇ ਜਿਸ ਰੱਥ ਤੇ
ਬੈਠਾ ਹੈ
ਏਨਾ ਅੱਗੇ
ਨਿਕਲ ਆਇਆ ਹੈ
ਕਿ ਫਿਰ ਇਕੱਲਾ ਰਹਿ
ਗਿਆ ਹੈ
ਅਜੋਕੇ ਸਮਾਜ 'ਚ
ਮਨੁੱਖ ਦੀ ਅਜਿਹੀ ਹਾਲਤ ਨੂੰ
ਆਧੁਨਿਕ ਬੋਧ
ਬਾਖ਼ੂਬੀ ਬਿਆਨ ਕਰਦਾ ਹੈ
ਮਨੁੱਖੀ ਇਤਹਾਸ
ਜੇ ਘੋਖਿਆ ਜਾਏ

ਤਾਂ ਮਨੁੱਖ ਨੇ
ਜੋ ਅੱਜ ਤਕ ਪਾਇਆ ਹੈ
ਉਸ ਤੋਂ ਵਧ ਗੁਆਇਆ ਹੈ
ਜ਼ਿੰਦਗੀ ਦੀ ਰਫ਼ਤਾਰ 'ਚ
ਦੌੜਦਾ ਦੌੜਦਾ
ਆਦਮੀ ਤੋਂ ਆਦਮੀ
ਦੂਰ ਹੋ ਗਿਆ ਹੈ
ਆਪਣੇ ਆਪ 'ਚ
ਇਕੱਲਾ ਹੋ ਗਿਆ ਹੈ
ਆਪਣੇ ਆਪ ਦੀ
ਪ੍ਰਕਰਮਾ ਕਰਦਾ ਕਰਦਾ
ਸਭ ਕੁੱਝ ਵਿਸਰ ਗਿਆ ਹੈ
ਆਪਣਿਆਂ ਰਿਸ਼ਤਿਆਂ
ਆਪਣੇ ਬੱਚਿਆਂ
ਤੋਂ ਟੁੱਟ ਕੇ ਕੰਕਰ ਕੰਕਰ ਹੋ
ਗਿਆ ਹੈ
ਬਿਖ਼ਰ ਗਿਆ ਹੈ
ਆਪਣੀ ਮਾਨਸਿਕ ਚੜ੍ਹਤ 'ਚ
ਮਨੁੱਖ ਨੇ ਪ੍ਰਕਿਰਤੀ
ਆਪਣੇ ਆਪ ਚੋਂ ਮਨਫ਼ੀ
ਕਰ ਦਿਤੀ ਸੀ
ਅੱਜ ਇਹ ਹਾਲ ਹੈ

ਕਿ ਪ੍ਰਕਿਰਤੀ ਨੇ
ਆਪਣੇ ਆਪ ਚੋਂ ਮਨੁੱਖ ਨੂੰ
ਮਨਫ਼ੀ ਕਰ ਦਿਤਾ ਹੈ
ਪ੍ਰਕਿਰਤੀ ਤੋਂ ਦੂਰ ਹੋ ਕੇ
ਮਨੁੱਖ ਆਪਣੀ ਜੜ੍ਹ ਤੋਂ
ਦੂਰ ਹੋ ਗਿਆ ਹੈ.
ਇਸ ਹਾਲਤ 'ਚ
ਮਨੁੱਖੀ ਵਿਚਰਨ ਧਰਾਤਲ
ਦੀ ਸਥਿਤੀ
ਜਿੰਨੀ ਆਧੁਨਿਕ ਸੋਚ
ਸਮਝਦੀ ਹੈ
ਹੋਰ ਕੋਈ ਸੋਚ ਨਹੀਂ ਸਮਝਦੀ
ਅਜੋਕੇ ਸਮਾਜ
ਤੇ ਮਨੁੱਖ ਦੀ ਨਿੱਗਰੀ ਹਾਲਤ
ਵੇਖਕੇ
ਆਧੁਨਿਕਤਾ 'ਚ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਸਿਰਜਣ ਦਾ
ਬਲ ਹੋਰ ਵੀ ਪੈਦਾ ਹੁੰਦਾ ਹੈ
ਆਧੁਨਿਕ ਬੋਧ
ਇਸ ਗੱਲ ਦਾ ਵੀ ਧਾਰਨੀ ਹੈ

ਕਿ ਮਨੁੱਖ ਸਮਾਜ ਤੇ
ਵਿਸ਼ਵ ਦਾ ਵਿਕਾਸ
ਅੱਜ ਤੱਕ ਜੋ ਹੋਇਆ ਹੈ
ਉਹ ਆਧੁਨਿਕ ਢੰਗ ਨਾਲ
ਨਹੀਂ ਹੋਇਆ
ਉਹ ਮਨੁੱਖ ਤੇ ਮਨੁੱਖਤਾ
ਅਨੁਸਾਰ ਨਹੀਂ ਹੋਇਆ
ਲਹੂ ਦੇ ਰੰਗ ਤੇ ਅਧਾਰਤ
ਨਹੀਂ ਹੋਇਆ
ਜੇ ਇਹ ਵਿਕਾਸ
ਆਧੁਨਿਕ ਢੰਗ ਨਾਲ ਹੁੰਦਾ
ਤਾਂ ਅਜੋਕੇ ਵਿਸ਼ਵ ਦੇ
ਵਿਕਾਸ ਸਿਖ਼ਰ ਚੋਂ
ਮਨੁੱਖ ਮਨਫ਼ੀ ਨਾ ਹੁੰਦਾ
ਅਜੋਕੇ ਮਨੁੱਖ ਦਾ
ਵਿਕਾਸ ਤਾਂ ਨਜ਼ਰ ਆਉਂਦਾ ਹੈ
ਪਰ ਉਸ 'ਚ
ਮਨੁੱਖ ਕਿੱਧਰੇ ਵੀ
ਨਜ਼ਰ ਨਹੀਂ ਆਉਂਦਾ
ਮਨੁੱਖ ਦਾ ਸੁਭਾਅ
ਮਨੁੱਖੀ ਪ੍ਰਵਿਰਤੀ

ਮਨੁੱਖ ਦਾ ਮੂਲ ਜੋ ਜੀਵਨ ਹੈ
ਜੀਵਨ ਆਧਾਰ ਹੈ
ਇਸ ਵਿਕਾਸ ਚੋਂ ਆਲੋਪ ਹੈ
ਇਸ ਵਿਕਾਸ 'ਚ
ਜੋ ਸਵਰਗ
ਮਨੁੱਖ ਨੇ ਧਰਤੀ ਤੇ
ਉਤਾਰਨਾ ਸੀ
ਉਹ ਸਵਰਗ ਆਲੋਪ ਹੈ
ਮਨੁੱਖ ਮਨੁੱਖ ਲਈ
ਪਰਾਇਆ ਹੋ ਗਿਆ ਹੈ
ਮਨੁੱਖਤਾ ਦਾ ਵੈਰੀ
ਹੋ ਗਿਆ ਹੈ
ਮਨੁੱਖ ਤੇ ਮਨੁੱਖ
ਵਿਚਲਾ ਰਿਸ਼ਤਾ ਮਿਟ ਗਿਆ ਹੈ
ਆਪਣੀ ਸ਼ਕਤੀ 'ਚ
ਏਨਾ ਅੰਨ੍ਹਾ ਹੋ ਗਿਆ ਹੈ
ਕਿ ਮਨੁੱਖਤਾ ਤੇ
ਇਨਸਾਨੀਅਤ ਵਿਸਰ ਗਿਆ ਹੈ
ਅਜੋਕੇ ਮਨੁੱਖ ਦੇ
ਆਦਿ ਤੋਂ ਅਜੋਕੇ ਵਿਸ਼ਵ ਦੇ
ਸਫ਼ਰ ਦੇ ਸਿਖ਼ਰ ਤੇ ਪਹੁੰਚ ਦਿਆਂ
ਅਜੋਕੇ ਮਨੁੱਖ ਦੀਆਂ

ਗਿਆਨ ਵਿਗਿਆਨਿਕ
ਦਾਰਸ਼ਨਿਕ ਪ੍ਰਾਪਤੀਆਂ
ਵਿਦਿਅਕ ਮੈਡੀਸਨ
ਸੰਚਾਰਕ ਪ੍ਰਾਪਤੀਆਂ
ਭਾਵ ਜੀਵਨ ਦੇ ਹਰ ਖੇਤਰ 'ਚ
ਅਜੋਕੇ ਮਨੁੱਖ ਦੀਆਂ
ਮਾਰੀਆਂ ਮੱਲਾਂ
ਅਜੋਕੇ ਵਿਸ਼ਵ ਦੇ ਸਿਖ਼ਰ
'ਚ ਮੌਜ਼ੂਦ ਹਨ
ਪਰ ਇਸ ਸਿਖ਼ਰ ਤੇ
ਪਹੁੰਚੀਆਂ ਪ੍ਰਾਪਤੀਆਂ ਚੋਂ
ਮਨੁੱਖ ਮਨਫ਼ੀ ਹੈ
ਮਨੁੱਖ ਦਾ ਰੂਪ ਰੰਗ
ਚਿਹਰਾ ਮੋਹਰਾ ਅੰਗ ਨਕਸ਼
ਮਨੁੱਖੀ ਹੋਂਦ ਮਨਫ਼ੀ ਹੈ
ਪ੍ਰਾਪਤੀਆਂ ਦਾ ਵਜ਼ੂਦ
ਅਜੋਕੇ ਵਿਸ਼ਵ ਪੱਧਰ ਤੇ ਹੈ
ਪਰ ਇਸ ਵਜ਼ੂਦ ਚੋਂ
ਪ੍ਰਾਪਤੀਆਂ ਮਨੁੱਖ ਦਾ
ਸੁੱਖ ਹੰਢਾ ਰਹੀਆਂ ਹਨ

ਪ੍ਰਾਪਤੀਆਂ ਦੇ ਸੁੱਖ ਤੋਂ
ਮਨੁੱਖ ਸੱਖਣਾ ਹੈ
ਅਜੋਕੇ ਵਿਸ਼ਵ
ਪ੍ਰਾਪਤੀਆਂ 'ਚ ਮਨੁੱਖ
ਬਹੁਤ ਪਿੱਛੇ ਰਹਿ ਗਿਆ ਹੈ
ਮਨੁੱਖੀ ਪ੍ਰਾਪਤੀਆਂ
ਜੀਵਨ ਲਈ ਹਨ
ਮਨੁੱਖਤਾ ਲਈ ਹਨ
ਬਿਨ੍ਹਾਂ ਪ੍ਰਾਪਤੀਆਂ ਦਾ
ਪ੍ਰਯੋਜਨ ਮਨੁੱਖ ਹੈ
ਮਨੁੱਖੀ ਜੀਵਨ ਹੈ
ਅਜੋਕੇ ਯੁੱਗ ਦੀਆਂ
ਪ੍ਰਾਪਤੀਆਂ ਪ੍ਰਯੋਜਨ
ਰਹਿਤ ਹਨ
ਮਨੁੱਖ ਰਹਿਤ ਹਨ
ਅਜੋਕਾ ਵਿਸ਼ਵ
ਸਿਰਫ਼ ਵਿਗਿਆਨ ਦਾ
ਵਿਸ਼ਵ ਹੈ
ਮਨੁੱਖ ਦਾ ਵਿਸ਼ਵ ਨਹੀਂ
ਪ੍ਰਾਪਤੀਆਂ ਦਾ ਵਿਸ਼ਵ ਹੈ
ਮਨੁੱਖਤਾ ਦਾ ਵਿਸ਼ਵ ਨਹੀਂ

ਅਜੋਕਾ ਵਿਸ਼ਵ
ਉਹ ਵਿਸ਼ਵ ਮੰਦਰ ਹੈ
ਨਾ ਮਨੁੱਖ ਨਾ ਭਗਵਾਨ
ਜਿਸ ਦੇ ਅੰਦਰ ਹੈ
ਅਜੋਕੇ ਮਨੁੱਖ ਨੇ
ਅੰਬਰ ਦੇ ਚਿਹਰੇ ਤੇ
ਫੱਟ ਲਾਏ ਹਨ
ਧਰਤੀ ਦੇ ਅੰਗ ਜਲਾਏ ਹਨ
ਮਨੁੱਖਤਾ ਲੂਹੀ ਹੈ
ਬਰੂਦ ਬੀਜਿਆ ਹੈ
ਹਵਾਵਾਂ ਕਤਲ ਕੀਤੀਆਂ ਹਨ
ਸਮੁੰਦਰ ਥਲ਼ ਕੀਤੇ ਹਨ
ਅੱਗਾਂ ਉੱਗਾਈਆਂ ਹਨ
ਧਰਤੀ ਦੀਆਂ
ਹਰਿਆਵਲਾਂ ਸੁਕਾਈਆਂ ਹਨ
ਗ਼ਰੀਬੀ ਬੀਮਾਰੀ
ਤੇ ਕਰੂਪਤਾ ਫੈਲਾਈ ਹੈ
ਦੁਨੀਆਂ ਨਰਕ ਬਣਾਈ ਹੈ
ਧਰਤੀ ਤੇ
ਮਨੁੱਖ ਨੇ ਮਨੁੱਖਤਾ ਦੀ
ਰੱਤ ਵਹਾਈ ਹੈ
ਧਰਤੀ ਦੀ ਕੁੱਖ ਨੂੰ

ਪ੍ਰਦੂਸ਼ਣ ਨਾਲ ਭਰਿਆ ਹੈ
ਸਾਗਰ ਗੰਧਲੇ ਕੀਤੇ ਹਨ
ਜਲ 'ਚ ਜ਼ਹਿਰ ਘੋਲੀ ਹੈ
ਮਨੁੱਖ ਨੇ ਪ੍ਰਕਿਰਤੀ ਸਾੜ
ਕੇ ਕਇਲੇ ਕੀਤੀ ਹੈ
ਹਵਾ ਦੇ ਟੋਟੇ
ਅੱਗਣ ਰਾਖ ਕੀਤੀ ਹੈ
ਮਨੁੱਖਤਾ ਲਈ
ਨਰਕ ਦਾ ਦੁਆਰ ਖੋਲ੍ਹਿਆ ਹੈ
ਰਿਸ਼ਵਤਖੋਰੀ ਭਰਿਸ਼ਟਾਚਾਰ
ਨਫ਼ਰਤ ਧੋਖੇਬਾਜ਼ੀ ਦਾ
ਵਿਸਥਾਰ ਕੀਤਾ ਹੈ
ਮਨੁੱਖ ਨੇ
ਮਨੁੱਖੀ ਜਿਸਮ ਦਾ ਵਿਓਪਾਰ
ਕੀਤਾ ਹੈ
ਮਨੁੱਖ ਨੂੰ
ਮਨੁੱਖ ਦਾ ਵੈਰੀ ਬਣਾਇਆ ਹੈ
ਅਨਾਜ ਦੇ ਖੇਤ ਸਾੜੇ ਹਨ
ਅੱਗਾਂ ਬਰੂਦਾਂ ਦੇ ਦਾਵਾਨਲ
ਧਰਤੀ ਤੇ ਉਤਾਰੇ ਹਨ
ਇਹ ਮਨੁੱਖੀ
ਆਧੁਨਿਕ ਢੰਗ ਦਾ ਵਿਸਥਾਰ ਨਹੀਂ

ਅਜੋਕੇ ਮਨੁੱਖੀ
ਲਾਲਚ ਦਾ ਵਿਸਥਾਰ ਹੈ
ਨਫ਼ਰਤਾਂ ਅੱਗਾਂ
ਬਰੂਦਾਂ ਦੇ ਖਜ਼ਾਨੇ ਤੋਂ ਸਿਵਾ
ਹੋਰ ਕੁੱਝ ਵੀ ਅਜੋਕੇ ਮਨੁੱਖ ਦੇ
ਪਾਸ ਨਹੀਂ
ਧਰਤੀ ਮਾਨਵਤਾ
ਸੁਰੱਖਸ਼ਤ ਨਹੀਂ
ਅੰਬਰ ਤੇ ਚੰਨ ਤਾਰੇ
ਸੁਰੱਖਸ਼ਤ ਨਹੀਂ
ਜ਼ਿੰਦਗੀ ਸੁਰੱਖਸ਼ਤ ਨਹੀਂ
ਪੈਰ ਪੈਰ ਤੇ ਮੌਤ ਖੜ੍ਹੀ ਹੈ
ਮਨੁੱਖ ਸੜਿਆ ਹੈ
ਮਨੁੱਖਤਾ ਬਲੀ ਹੈ
ਇਹ ਅਜੋਕੇ ਮਨੁੱਖ ਦੀ
ਜ਼ਿੰਦਗੀ ਨੂੰ ਦੇਣ ਹੈ
ਇਹ ਅੱਜ ਦੇ ਮਨੁੱਖ ਦੀ
ਚੇਤਨਾ ਤੇ ਜ਼ਿਹਨ ਹੈ
ਆਧੁਨਿਕ ਬੋਧ ਦਾ
ਵਿਕਾਸ ਢੰਗ ਵੱਖਰਾ ਹੈ
ਰੂਪ ਵੱਖਰਾ ਹੈ
ਰੰਗ ਵੱਖਰਾ ਹੈ

ਵਿਸ਼ਵ ਵਜ਼ੂਦ ਦੇ ਵਿਕਾਸ
ਚੋਂ ਮਨੁੱਖ ਦਾ ਮਨਫ਼ੀ ਹੋਣਾ ਹੀ
ਅਜੋਕੀ ਚੇਤਨਾ 'ਚ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦਾ ਸੰਕਲਪ
ਬੀਜਦਾ ਹੈ
ਤਾਂ ਕਿ ਆਉਣ ਵਾਲਾ
ਮਨੁੱਖ ਸਮਾਜ ਤੇ ਵਿਸ਼ਵ
ਅਜੋਕੇ ਮਨੁੱਖ ਸਮਾਜ ਤੇ
ਵਿਸ਼ਵ ਵਾਂਗ
ਬੇਜਾਨ ਨਾ ਹੋਵੇ
ਮਨੁੱਖ ਹੋਂਦ ਤੋਂ ਸੱਖਣਾ
ਨਾ ਹੋਵੇ
ਮਨੁੱਖ ਦੀਆਂ ਪ੍ਰਾਪਤੀਆਂ
ਦਾ ਨਾ ਹੋ ਕੇ
ਵਿਸ਼ਵ ਮਨੁੱਖ ਤੇ ਮਨੁੱਖਤਾ
ਦਾ ਹੋਵੇ
ਇਸ ਪੱਖ ਨੇ ਹੀ
ਅਜੋਕੇ ਮਨੁੱਖ ਦੇ ਅੰਦਰ
ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਦੀ ਭੁੱਖ ਤੀਬਰਤਾ ਜਗਾਈ ਹੈ
ਇਸ ਦਾ ਸੱਚ ਵਜ਼ੂਦ ਤੇ ਹੋਂਦ

ਅਜੋਕੀ ਚੇਤਨਾ 'ਚ
ਸਮਾਈ ਹੈ
ਅਜੋਕੇ ਸਮਾਜ ਦਾ ਵੀ
ਹਾਲ ਮਾੜਾ ਹੈ
ਜ਼ਿੰਦਗੀ ਦਾ ਕਬਰਾਂ 'ਚ
ਗੁਜ਼ਾਰਾ ਹੈ
ਰਾਜਨੀਤਕ ਆਰਥਕ
ਸਮਾਜਕ ਸ਼ੋਸ਼ਣ ਦਾ
ਸ਼ਿਕਾਰ ਸਮਾਜ ਹੈ
ਸਮਾਜ ਰਿਸ਼ਵਤਖੋਰੀ
ਭਰਿਸ਼ਟਾਚਾਰ ਬੇਰੁਜ਼ਗਾਰੀ
ਚੋਰ ਬਜ਼ਾਰੀ ਦਾ ਬਜ਼ਾਰ ਹੈ
ਅਜੋਕੇ ਸਮਾਜ ਦੇ ਪਿੰਡੇ ਚੋਂ
ਮਨੁੱਖੀ ਮਾਸ ਦੇ ਸੜਣ ਦੀ
ਗੰਧ ਆਉਂਦੀ ਹੈ
ਸਮਾਜ 'ਚ ਮਨੁੱਖ ਦਾ
ਕੋਈ ਵੀ ਰਿਸ਼ਤਾ ਮਹਿਫ਼ੂਜ਼ ਨਹੀਂ
ਸਮਾਜ ਦਾ ਵਜ਼ੂਦ
ਸ਼ਮਸ਼ਾਨ ਹੋ ਗਿਆ ਹੈ
ਜਿਸ 'ਚ
ਮਨੁੱਖੀ ਮੁਰਦਿਆਂ ਦਾ ਵਾਸ ਹੈ
ਨਾ ਸਮਾਜ ਮਨੁੱਖ ਦਾ ਹੈ
ਨਾ ਮਨੁੱਖ ਸਮਾਜ ਦਾ ਹੈ

ਨਾ ਤੇਰਾ ਹੈ ਨਾ ਮੇਰਾ ਹੈ
ਸਮਾਜ ਦੀਆਂ ਗਲੀਆਂ
ਚੌਕਾਂ ਚੌਰਾਹਿਆਂ ਸੜਕਾਂ ਤੇ
ਮੌਤ ਦਾ ਪਹਿਰਾ ਹੈ
ਭੁੱਖ ਬੇਰੁਜ਼ਗਾਰੀ
ਮਨੁੱਖੀ ਸ਼ੋਸ਼ਣ ਦਾ ਦੈਂਤ
ਨੰਗੇ ਨਾਚ ਨੱਚਦਾ ਹੈ
ਸਮਾਜ ਸਮਾਜ ਨਹੀਂ
ਕੰਜਰਖ਼ਾਨਾ ਲੱਗਦਾ ਹੈ
ਮਰਦ ਔਰਤ ਬੱਚਾ ਬੁੱਢਾ
ਕੋਈ ਵੀ ਮਹਿਫ਼ੂਜ਼ ਨਹੀਂ
ਉਜਾੜਾਂ ਉਦਾਸੀਆਂ
ਚੁੱਪਾਂ ਪਤਝੜਾਂ ਦਾ ਸਮਾਜ 'ਚ
ਵਿਸਥਾਰ ਹੈ
ਕੋਇਲੇ ਜਿਸਮ ਸਮਾਜ ਦੀ
ਨਾ ਕੋਈ ਰੁੱਤ
ਨਾ ਕੋਈ ਮੌਸਮ ਬਹਾਰ ਹੈ
ਅਜੋਕੇ ਸਮਾਜ ਨੇ
ਆਪਣੇ ਮੂੰਹ ਤੇ
ਮਨੁੱਖਤਾ ਦਾ ਲਹੂ ਮਲਿਆ ਹੈ
ਸਮਾਜ ਸਿਰ ਤੋਂ
ਪੈਰਾਂ ਤੀਕ ਧੁੱਖਦਾ ਹੈ

ਸਮਾਜ 'ਚ
ਨਾ ਜੀਵਨ ਹੈ ਨਾ ਪ੍ਰਾਣ ਹੈ
ਜ਼ਿੰਦਗੀ ਜਿਉਂਦੀ ਜਾਗਦੀ
ਤੁਰਦੀ ਫਿਰਦੀ ਲਾਸ਼ ਹੈ
ਮਨੁੱਖ ਇਸ 'ਚ ਰਹਿ ਕੇ
ਜਿਉਂਦਾ ਹੀ ਮੋਇਆ ਹੈ
ਇਹ ਮੌਤ ਮਨੁੱਖ ਲਈ
ਮਨੁੱਖ ਇਸ ਮੌਤ ਦਾ ਹੋਇਆ ਹੈ
ਅਜੋਕੇ ਸਮਾਜ ਚੋਂ
ਸੱਚ ਸੁੰਦਰਤਾ ਕਲਿਆਣ
ਬਨਵਾਸੀ ਹਨ
ਕੁਫ਼ਰ ਵੈਰ ਵਿਰੋਧ ਕੋਹੜ
ਇਸਦੇ ਵਾਸੀ ਹਨ
ਇਹ ਮਨੁੱਖ ਦੇ ਰਹਿਣ ਦੀ
ਥਾਂ ਨਹੀਂ
ਸਮਾਜ ਡੈਣ ਦਾ ਰੂਪ ਹੈ
ਮਨੁੱਖ ਦੀ ਮਾਂ ਨਹੀਂ
ਇਸਨੇ ਮੰਦਰਾਂ
ਮਸੀਤਾਂ ਗਿਰਜਾ ਘਰਾਂ 'ਚ
ਵੇਸ਼ੀਆਂ ਦੇ ਬਜ਼ਾਰ ਖੋਲ੍ਹੇ ਹਨ
ਨਿਆਂਏ ਅਨੁਸ਼ਾਸਨ
ਝੂਠ ਦੀ ਤੱਕੜੀ 'ਚ ਤੋਲੇ ਹਨ

ਇਹ ਅਬਲਾ
ਸਰੀਰਾਂ ਦੀ ਮੰਡੀ ਹੈ
ਇਸਦਾ ਹਰ ਘਰ
ਕੋਠਾ ਹੈ
ਹਰ ਔਰਤ ਰੰਡੀ ਹੈ
ਇਹ ਮਨੁੱਖ ਦੇ ਮੱਥੇ
ਦਾ ਉਹ ਜ਼ਖ਼ਮ ਹੈ
ਜੋ ਹਰ ਵਕਤ ਰਿਸਦਾ ਹੈ
ਇਹ ਅੰਦਰੋਂ ਉਹ ਨਹੀਂ
ਜੋ ਬਾਹਰੋਂ ਦਿਸਦਾ ਹੈ
ਇਹ ਭੇਡਾਂ ਬੱਕਰੀਆਂ ਦੇ
ਵਾੜਿਆਂ ਤੋਂ ਵੀ ਬਦਤਰ ਹੈ
ਇਹ ਢੇਰ ਹੈ ਕੂੜੇ ਦਾ
ਗੰਦਗੀ ਦਾ ਘਰ ਹੈ
ਇਹ ਸ਼ਮਸ਼ਾਨ ਹੈ ਕਬਰਾਂ ਦਾ
ਇਸ ਦਾ ਖੁੱਲ੍ਹਾ ਦਰ ਹੈ
ਸਮਾਜ ਤੇ ਮਨੁੱਖ ਦੀ
ਇਹ ਨਿੱਗਰਦੀ ਤਸਵੀਰ ਹੈ
ਮਨੁੱਖ ਦੇ ਮੱਥੇ ਲਿਖੀ
ਪੱਥਰਾਂ ਦੀ ਤਕਦੀਰ ਹੈ
ਆਧੁਨਿਕਤਾ 'ਚ ਆਧੁਨਿਕਤਾ
ਆਧੁਨਿਕ ਮਨੁੱਖ ਸਮਾਜ
ਸਥਾਪਨਾ ਦਾ ਬਲ ਧਰਦੀ ਹੈ

ਆਧੁਨਿਕ ਬੋਧ ਦੀ
ਇਸ ਵਿਸ਼ੇ ਵਲ ਗਤੀ
ਤੇਜ਼ ਕਰਦੀ ਹੈ
ਆਧੁਨਿਕ ਬੋਧ
ਪਹਿਲਾਂ ਵਿਅੱਕਤੀਗਤ
ਵਿਚਾਰਧਾਰਾ ਦਾ ਧਾਰਨੀ ਹੈ
ਮਨੁੱਖ ਦੇ ਅੰਦਰ ਬਾਹਰ
ਉਸਦੀ ਮਾਨਸਿਕ ਸਥਿਤੀ
ਦਾ ਵਿਚਾਰਧਾਰਨੀ ਹੈ
ਉਸਦੀ ਸਰੀਰਕ ਦਸ਼ਾ
ਲਹੂ ਦਿਲ ਦੀ ਧੜਕਣ ਪ੍ਰਤੀ
ਆਲੋਚਨਾਤਮਕ
ਦ੍ਰਿਸ਼ਟੀ ਦਾ ਧਾਰਨੀ ਹੈ
ਉਹ ਦੇਹ ਦੇ ਅਣੂਆਂ ਦੀ
ਕਾਰਜ ਪ੍ਰਣਾਲੀ 'ਚ
ਆਪ ਉਤਾਰਦਾ ਹੈ
ਮਨੁੱਖ ਦਾ ਜੀਵਨ ਪ੍ਰਤੀ
ਦ੍ਰਿਸ਼ਟੀਕੋਣ
ਮਨੁੱਖ ਦੀ ਜੀਵਨ ਨੂੰ ਦੇਣ
ਘੋਖਦਾ ਪੜਤਾਲਦਾ ਹੈ
ਆਧੁਨਿਕਤਾ
ਆਪਣੀ ਪ੍ਰਯੋਗਸ਼ਾਲਾ 'ਚ
ਮਨੁੱਖ ਦੀ ਸਰੀਰਕ

ਤੇ ਮਾਨਸਿਕ ਚੀਰਫਾੜ ਕਰਦੀ ਹੈ
ਮਨੁੱਖ ਦਾ ਸੱਚ ਭਾਲਦੀ ਹੈ
ਪ੍ਰਗਟ ਸੱਚ
ਆਧੁਨਿਕਤਾ ਆਪਣੀ ਚੇਤਨਾ
ਸੂਝ ਬੂਝ 'ਚ ਢਾਲਦੀ ਹੈ
ਜੀਵਨ ਪ੍ਰਤੀ
ਇਕ ਨਜ਼ਰੀਆ ਅਪਣਾਉਂਦੀ ਹੈ
ਜਿਸ ਨੂੰ
ਆਧੁਨਿਕ ਵਿਗਿਆਨਕ
ਢੰਗ ਨਾਲ
ਜੀਵਨ ਵਿਕਾਸ ਦਾ
ਆਧਾਰ ਬਣਾਉਂਦੀ ਹੈ
ਇਸ ਆਧਾਰ ਤੇ
ਆਧੁਨਿਕਤਾ 'ਚ
ਵਿਅੱਕਤੀਗਤ ਤੇ ਸਮੂਹਕਤਾ
ਦਾ ਦੁਆਰ ਖੁਲ੍ਹਦਾ ਹੈ
ਮਨੁੱਖੀ ਸੱਚ
ਤੇ ਮਨੁੱਖਤਾ ਦੇ ਸੱਚ ਦਾ
ਰੂਪ ਬਦਲਦਾ ਹੈ
ਇਸ ਤਰ੍ਹਾਂ ਆਧੁਨਿਕਤਾ
ਦੇ ਗਿਆਨ ਤੇ ਵਿਗਿਆਨ ਦੀ
ਸੀਮਾ ਅਸੀਮ ਹੁੰਦੀ ਹੈ

ਉਸਦੇ ਨਿਰਣੇ
ਦੇ ਸੱਚ ਦੀ ਸ਼ਕਤੀ ਆਜ਼ੀਮ ਹੁੰਦੀ ਹੈ
ਅਜੋਕੇ ਮਨੁੱਖ ਨੇ
ਵਿਗਿਆਨਕ ਰੂਪ 'ਚ
ਜਾਣ ਲਿਆ ਹੈ
ਕਿ ਮਨੁੱਖ ਆਪਣੀ ਮਰਜ਼ੀ ਦੇ
ਰੰਗਾਂ ਨਕਸ਼ਾਂ ਅੰਗਾਂ
ਅਤੇ ਕੱਦ ਕਾਠ ਦੀ ਉਲ਼ਾਦ
ਪੈਦਾ ਕਰ ਸਕਦਾ ਹੈ
ਸਡੌਲ ਤੋਂ ਸਡੌਲ
ਜੁੱਸੇ ਦੇ ਅੰਸ਼ ਦਾ ਸਰੂਪ
ਆਪਣੀ ਮਰਜ਼ੀ ਮੁਤਾਬਕ
ਸਿਰਜ ਸਕਦਾ ਹੈ
ਇਥੋਂ ਤਕ ਅੱਪੜਿਆ ਮਨੁੱਖ
ਆਪਣੇ ਆਪ 'ਚ
ਮਨੁੱਖੀ ਤੌਰ ਤੇ ਵਿਕਸਤ
ਨਹੀਂ ਹੋ ਸਕਿਆ
ਹਨ੍ਹੇਰਿਆਂ 'ਚ ਘਿਰ ਗਿਆ ਹੈ
ਸੂਰਜਾਂ ਦਾ ਤੇਜ਼ ਨਹੀਂ ਛੋਹ ਸਕਿਆ
ਮਨੁੱਖੀ ਵਿਅੱਕਤੀਗਤ
ਪ੍ਰਯੋਗ ਤੋਂ ਬਾਅਦ
ਆਧੁਨਿਕਤਾ ਜਦੋਂ

ਸਮੂਹਕ ਮਨੁੱਖੀ ਆਕਾਸ਼
'ਚ ਵਿਚਰਦੀ ਹੈ
ਤਾਂ ਵਧੇਰੇ ਵਿਗਿਆਨਕ ਤੇ
ਬੌਧਿਕ ਰਾਹ ਸਿਰਜਦੀ ਹੈ
ਮਨੁੱਖ ਦਾ
ਆਪਣਾ ਲੇਖਾ ਜੋਖਾ ਵੀ
ਮਨੁੱਖ ਵਿਚਲੀ
ਆਧੁਨਿਕ ਪ੍ਰਵਿਰਤੀ ਹੀ
ਕਰਵਾਉਂਦੀ ਹੈ
ਮਨੁੱਖ ਨੇ ਕੀ ਖੱਟਿਆ ਹੈ
ਕੀ ਗੁਆਇਆ ਹੈ
ਮਨੁੱਖ ਦੀਆਂ ਨਜ਼ਰਾਂ 'ਚ
ਲਿਆਉਂਦੀ ਹੈ
ਆਧੁਨਿਕ ਮਨੁੱਖ
ਆਪਣੀ ਹਾਨੀ ਲਾਭ ਦਾ
ਦਰਪਣ
ਆਪਣੇ ਸਾਵੇਂ ਰੱਖਦਾ ਹੈ
ਇਹ ਦਰਪਣ
ਆਪਣੇ ਚਿਹਰੇ ਚੋਂ ਸਿਰਜਦਾ ਹੈ
ਆਪਣਾ
ਸੱਚ ਝੂਠ ਇਸ ਚੋਂ
ਪਰਖਦਾ ਹੈ
ਆਪਣੇ ਆਪ 'ਚ

ਉਤਰਦਾ ਹੈ
ਆਪਣੇ ਆਪ ਚੋਂ
ਚੰਗਾ ਮਨੁੱਖ ਬਣ ਕੇ
ਨਿਕਲਦਾ ਹੈ
ਕਿਉਂਕਿ
ਆਧੁਨਿਕ ਮਨੁੱਖ ਸੱਚ
ਦੀ ਖੋਜ ਦਾ ਸਫ਼ਰ ਹੈ
ਮਨੁੱਖੀ ਖੋਜ ਦੇ
ਆਤਮ ਸੰਤੋਸ਼ ਦਾ ਨਹੀਂ
ਇਹ ਸਫ਼ਰ ਹੋਸ਼ ਦਾ ਹੈ
ਜੋਸ਼ ਦਾ ਨਹੀਂ
ਆਧੁਨਿਕ ਮਨੁੱਖ ਦੀ
ਕਮਜ਼ੋਰੀ
ਆਧੁਨਿਕਤਾ
ਆਪਣੀ ਦ੍ਰਿਸ਼ਟੀ ਤੋਂ ਸਮਝਦੀ
ਸੋਚਦੀ ਤੇ ਵਿਚਾਰਦੀ ਹੈ
ਫਿਰ ਇਨ੍ਹਾਂ ਪਲਾਂ ਦੀ
ਕਮਜ਼ੋਰੀ ਅਰਥਾਂ 'ਚ ਲਪੇਟ
ਆਧੁਨਿਕ ਮਨੁੱਖ ਦੇ ਬੋਧ 'ਚ
ਉਤਾਰਦੀ ਹੈ
ਕਿਉਂਕਿ
ਆਧੁਨਿਕ ਵਿਅੱਕਤੀਗਤ
ਸੋਚ 'ਚ ਵੀ

ਓਨੀ ਹੀ ਸਫ਼ਲ ਹੈ
ਜਿੰਨੀ ਸਮੂਹਕ ਸੋਚ ਨੂੰ
ਸਮਝਣ 'ਚ ਹੈ
ਹਾਲਾਤ ਪ੍ਰਸਥਿਤੀਆਂ
ਸਥਿਤੀਆਂ ਪ੍ਰਗਟਣ 'ਚ ਹੈ
ਆਧੁਨਿਕ ਬੋਧ
ਕੁਦਰਤ ਕਾਦਰ ਤੇ ਮਨੁੱਖ
ਦੀ ਇਕਾਈ ਹੈ
ਮਨੁੱਖ ਦਾ ਕੁਦਰਤ ਨੇੜੇ
ਰਹਿਣ ਦੀ ਸਚਾਈ ਹੈ
ਸਿਰਜ਼ਕ ਦੇ ਨੇੜੇ ਹੋਣਾ
ਮਨੁੱਖ ਦੀ ਵਡਿਆਈ ਹੈ
ਆਧੁਨਿਕ ਬੋਧ ਨੇ
ਅਜੋਕੇ ਮਨੁੱਖ 'ਚ
ਕੁਦਰਤ ਪ੍ਰਤੀ
ਕੁੱਝ ਤਬਦੀਲੀਆਂ ਲਿਆਂਦੀਆਂ
ਹਨ
ਮਨੁੱਖ ਦੇ ਅੰਦਰ
ਕੁਦਰਤ ਦੀ ਨੇੜਤਾ ਦੀ
ਮਹੱਤਤਾ ਜਗਾਈ ਹੈ
ਤਾਂ ਹੀ ਤਾਂ ਮਨੁੱਖ ਨੇ
ਆਪਣੇ ਘਰਾਂ ਦੀਆਂ ਕੰਧਾਂ ਤੇ
ਦਰਿਆਵਾਂ ਨਦੀਆਂ ਸਾਗਰਾਂ

ਪਹਾੜਾਂ ਜੰਗਲਾਂ ਦੀ
ਪ੍ਰਕਿਰਤੀ ਬਣਾਈ ਹੈ
ਉੱਚੀਆਂ ਉੱਚੀਆਂ
ਇਮਾਰਤਾਂ ਦੀ ਹਰ ਮੰਜ਼ਲ
ਦੁਆਲੇ
ਰੁੱਖ ਲਾਏ ਹਨ ਜੰਗਲ
ਉੱਗਾਏ ਹਨ
ਝਰਨਿਆਂ ਚਸ਼ਮਿਆਂ ਦੇ
ਅਕਸ ਸਿਰਜੇ ਹਨ
ਆਪਣੇ ਬੈਕ ਜਾਰਡ 'ਚ
ਖੂਹ ਤੇ ਖੂਹੀਆਂ
ਜੰਗਲੀ ਜਾਨਵਰਾਂ ਦਾ
ਨਿਰਮਾਨ ਕੀਤਾ ਹੈ
ਕੱਚ ਦੀ ਦੁਨੀਆਂ ਨੂੰ
ਜੰਗਲ ਦਾ ਹਾਣ ਕੀਤਾ ਹੈ
ਪੱਥਰਾਂ ਦੇ ਜੰਗਲ ਨੂੰ
ਹਰਿਆਵਲ ਸਮਾਨ ਕੀਤਾ ਹੈ
ਇਹ ਕੁਦਰਤ ਦਾ ਅਕਸ
ਜੀਵਨ 'ਚ
ਉਤਾਰਨ ਬਰਾਬਰ ਹੈ
ਕੁਦਰਤ ਦਾ ਸੱਚ ਨਹੀਂ
ਆਦਿ ਮਨੁੱਖ ਦੀ

ਰਹਿਣੀ ਬਹਿਣੀ ਦੇ ਦ੍ਰਿਸ਼
ਘਰਾਂ ਦੀਆਂ ਛੱਤਾਂ ਤੇ
ਖੁਦਵਾਏ ਹਨ
ਮਨੁੱਖ ਨੇ ਜੋ ਸੱਚ
ਆਪਣੇ ਚੋਂ ਮਨਫ਼ੀ ਕੀਤੇ ਸਨ
ਆਧੁਨਿਕ ਮਨੁੱਖ ਨੂੰ
ਸਮਝ ਆਏ ਹਨ
ਸ਼ਾਇਦ ਇਹ ਕੁਦਰਤੀ
ਅਕਸਾਂ ਦੇ ਯਤਨ
ਮਨੁੱਖ ਨੂੰ ਕੁਦਰਤ ਦੇ ਨੇੜੇ
ਲੈ ਜਾਵਣ
ਮਨੁੱਖ ਨੂੰ ਆਪਣੀ ਹੋਂਦ
ਦਾ ਸੱਚ ਤੇ ਜੜ੍ਹਾਂ
ਸਮਝ ਆ ਜਾਵਣ
ਮਨੁੱਖੀ ਜੀਵਨ ਮਨੁੱਖਤਾ
ਕੁਦਰਤ ਤੇ ਕਾਦਰ ਦੀ
ਵਿਆਖਿਆ
ਜਿੰਨੀ ਸ਼ਿਦਤ ਨਾਲ
ਆਧੁਨਿਕ ਬੋਧ ਕਰਦਾ ਹੈ
ਉਹ ਸ਼ਾਇਦ ਜੀਵਨ 'ਚ
ਹੋਰ ਕੋਈ ਨਹੀਂ ਕਰ ਸਕਦਾ
ਮਨੁੱਖ ਦੀ ਅੰਦਰੂਨੀ ਚੁੱਪ 'ਚ
ਜੋ ਵਿਚਰਦਾ ਹੈ

ਬਾਹਰਲੀ ਸੋਚ 'ਚ
ਜੋ ਵਿਚਰਦਾ ਹੈ
ਅੰਦਰੂਨੀ ਤੇ ਬਰੂਨੀ
ਪ੍ਰਵਿਰਤੀਆਂ ਤੇ ਪ੍ਰਸਥਿਤੀਆਂ
ਦਾ ਅਸਰ
ਜੋ ਆਧੁਨਿਕ ਬੋਧ 'ਚ
ਸਮਾਇਆ ਹੈ
ਉਹ ਹੋਰ ਕਿਸੇ ਬੋਧ 'ਚ
ਨਾ ਨਜ਼ਰ ਆਇਆ ਹੈ
ਮਨੁੱਖ ਦਾ ਸਵੈ
ਆਧੁਨਿਕਤਾ ਦਾ ਸਵੈ ਹੈ
ਦੁਨੀਆਂ 'ਚ
ਆਧੁਨਿਕ ਸਮਾਜ ਦਾ ਵਜੂਦ
ਜੋ ਬਹੁਤ ਥੋੜ੍ਹੀ ਮਾਤਰਾ 'ਚ ਹੈ
ਹੋਂਦ 'ਚ ਆਇਆ ਹੈ
ਆਧੁਨਿਕ ਸਮਾਜ ਦੀ
ਮਾਨਸਿਕਤਾ
ਅਜੇ ਵਿਕਸਤ ਨਹੀਂ ਹੋਈ
ਅਜੋਕੇ ਮਨੁੱਖ ਦੇ ਜ਼ਿਹਨ 'ਚ
ਅਜੇ ਗਈ ਨਹੀਂ ਗੋਈ
ਅਜੇ ਤੇ
ਆਧੁਨਿਕ ਸੋਚ ਵਾਲੇ
ਮਨੁੱਖ ਦੀ ਘਾਟ ਹੈ

ਜਿਸਨੇ ਆਧੁਨਿਕ
ਮਨੁੱਖ ਦੇ ਸੰਕਲਪ ਨੂੰ
ਵਿਕਸੜ ਹੋਂਦ ਵਿਚ ਲਿਆਉਣਾ ਹੈ
ਆਧੁਨਿਕ ਸਮਾਜ ਦੇ
ਬੀਜ ਨੂੰ ਉੱਗਾਉਣਾ ਹੈ
ਪਹਿਲਾਂ ਆਧੁਨਿਕ ਮਨੁੱਖ
ਦਾ ਸੰਕਲਪ ਹੋਂਦ ਵਿਚ ਆਵੇਗਾ
ਫਿਰ ਆਧੁਨਿਕ ਮਨੁੱਖ
ਦਾ ਸੰਕਲਪ ਵਿਕਸਤ ਤੇ ਸਥਾਪਤ
ਹੋਵੇਗਾ
ਫਿਰ ਆਧੁਨਿਕ ਮਨੁੱਖ
ਆਧੁਨਿਕ ਸਮਾਜ ਦਾ ਬੀਜ
ਬੀਜੇਗਾ ਉੱਗਾਵੇਗਾ
ਆਧੁਨਿਕ ਵਿਸ਼ਵ ਦਾ ਵਜ਼ੂਦ
ਹੋਂਦ 'ਚ ਲਿਆਉਣ ਤੋਂ ਪਹਿਲਾਂ
ਜਿੱਥੇ ਆਧੁਨਿਕ ਮਨੁੱਖ
ਆਧੁਨਿਕ ਸਮਾਜ ਦੀ
ਹੋਂਦ ਜਨਮਣੰ ਲਈ ਸਹਾਈ
ਹੁੰਦਾ ਹੈ
ਉਥੇ ਆਧੁਨਿਕਤਾ
ਅਜੋਕੇ ਮਨੁੱਖ 'ਚ
ਆਧੁਨਿਕ ਪ੍ਰਵਿਰਤੀਆਂ

ਰੁਚੀਆਂ ਤੇ ਦ੍ਰਿਸ਼ਟੀਆਂ
ਢਾਲਦੀ ਹੈ
ਅੰਦਰ ਮੁਖੀ ਬਾਹਰ ਮੁਖੀ
ਵਿਚਾਰਧਾਰਾ ਨੂੰ
ਆਧੁਨਿਕ ਢੰਗ ਨਾਲ
ਸੋਚਣ ਤੇ ਸਮਝਣ ਲਈ
ਅਜੋਕੇ ਮਨੁੱਖ 'ਚ ਉਤਾਰਦੀ ਹੈ
ਸਮਸਿਆਵਾਂ ਨਾਲ
ਨਜਿੱਠਣ ਦਾ ਆਧੁਨਿਕ
ਢੰਗ ਸਿੱਖਾਉਂਦੀ ਹੈ
ਆਪਣੇ ਸਾਂਚੇ 'ਚ ਢਾਲ ਕੇ
ਆਧੁਨਿਕ ਮਨੁੱਖੀ ਤੇ
ਸਮਾਜਕ ਸੰਕਲਪ
ਬਾਹਰ ਲਿਆਉਂਦੀ ਹੈ
ਮਨੁੱਖ ਦੀਆਂ ਮੂਲ
ਪ੍ਰਵਿਰਤੀਆਂ ਦਾ ਆਧਾਰ
ਸੱਚ ਤੇ ਰੂਪ ਦਾ ਅਹਿਸਾਸ
ਮਨੁੱਖ ਨੂੰ ਕਰਵਾਉਂਦੀ ਹੈ
ਮਿਸਾਲ ਦੇ ਤੌਰ ਤੇ
ਮੱਨੁੱਖ ਦੀਆਂ ਜਮਾਂਦਰੂ
ਪ੍ਰਵਿਰਤੀਆਂ
ਕਾਮ ਕ੍ਰੋਧ
ਲੋਭ ਮੋਹ ਹੰਕਾਰ
ਅਸਲ 'ਚ ਇਹ ਮਨੁੱਖ ਦੀ
ਊਰਜਾ ਹਨ

ਜਿਸਦਾ ਹੁੰਗਾਰਾ
ਆਧੁਨਿਕਤਾ ਭਰਦੀ ਹੈ
ਆਧੁਨਿਕਤਾ
ਇਕ ਪ੍ਰਯੋਗਸ਼ਾਲਾ ਹੈ
ਜਿਸ 'ਚ ਮਨੁੱਖ
ਆਪਣੇ ਆਪ ਨੂੰ
ਪ੍ਰਯੋਗਦਾ ਹੋਇਆ
ਜੀਵਨ ਨੂੰ ਨਵੇਂ
ਅਰਥ ਦਿੰਦਾ ਹੈ
ਜੀਵਨ ਦਾ ਵਿਕਾਸ ਕਰਦਾ ਹੈ
ਅਨੁਸ਼ਾਸਨ
ਤੇ ਮੁਲਕੀ ਕਿਰਦਾਰ ਦਾ ਸੱਚ
ਜੀਵਨ 'ਚ ਧਰਦਾ ਹੈ
ਮਨੁੱਖ ਇਸ ਪ੍ਰਯੋਗ ਸਦਕਾ
ਆਧੁਨਿਕ ਮਨੁੱਖ ਦੇ ਸੰਕਲਪ ਨੂੰ
ਮਜ਼ਬੂਤ ਹੀ ਨਹੀਂ ਕਰਦਾ
ਸਗੋਂ ਸਥਾਪਤ ਕਰਦਾ ਹੈ
ਇਹ ਪ੍ਰਯੋਗਸ਼ਾਲਾ
ਆਧੁਨਿਕ ਮਨੁੱਖ ਤੇ
ਆਧੁਨਿਕਤਾ ਦੇ ਵਿਕਾਸ ਦਾ
ਆਧਾਰ ਹੈ

ਆਧੁਨਿਕ ਸੋਚ ਦੂਜੇ
ਮਨੁੱਖ ਲਈ
ਉਹ ਸਭ ਕੁੱਝ ਕਰਨ ਦਾ
ਯਤਨ ਕਰਦੀ ਹੈ
ਜੋ ਦੂਜਾ ਮਨੁੱਖ ਆਸਦਾ ਹੈ
ਆਧੁਨਿਕ ਸਮਾਜ 'ਚ
ਮਨੁੱਖ ਦਾ ਉਸਦੀ ਯੋਗਤਾ
ਅਨੁਸਾਰ ਸਤਿਕਾਰ ਹੈ
ਆਧੁਨਿਕ
ਸਮਾਜ ਦਾ ਸੰਕਲਪ
ਆਧੁਨਿਕ ਬੋਧ ਅਨੁਸਾਰ
ਇਸ ਪ੍ਰਕਾਰ ਹੈ
ਸਮਾਜ ਦੇ ਜੋ ਅੰਦਰ ਹੈ
ਉਹੀ ਬਾਹਰ ਹੈ
ਆਧੁਨਿਕ ਸਮਾਜ
ਪਿਆਰ ਦਾ ਪ੍ਰਤੀਕ ਹੈ
ਸਾਂਝੀਵਾਲਤਾ ਬਰਾਬਰਤਾ
ਏਕਤਾ ਦਾ ਪ੍ਰਤੀਕ ਹੈ
ਸਰਬੱਤ ਦੇ ਭਲੇ ਦਾ
ਮਨੁੱਖ ਤੇ ਮਨੁੱਖਤਾ
ਦੀ ਸੁਰੱਖ਼ਸ਼ਾ ਦਾ ਪ੍ਰਤੀਕ ਹੈ
ਜਾਤ ਪਾਤ ਰੰਗ ਨਸਲ ਤੋਂ ਬਿਨਾਂ

ਸਮਾਜ ਮਨੁੱਖੀ ਲਹੂ
ਦੇ ਰੰਗ ਦਾ ਪ੍ਰਤੀਕ ਹੈ
ਸੱਚ ਸੁੰਦਰਤਾ ਤੇ ਕਲਿਆਣ
ਦੀ ਮੂਰਤੀ ਹੈ
ਅਨੁਸ਼ਾਸਨ ਤੇ ਮੁਲਕੀ
ਕਿਰਦਾਰ ਦਾ ਮਦਰੱਸਾ ਹੈ
"ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ ਬਨ ਆਈ"
ਇਸ ਦਾ ਆਧਾਰ ਹੈ
"ਏਕ ਨੂਰ ਤੇ ਸਭ ਜੱਗ
ਉਪਜਿਉ"
ਇਸ ਦਾ ਕਿਰਦਾਰ ਹੈ
ਆਧੁਨਿਕ ਸਮਾਜ ਦਾ
ਸੁਭਾਅ ਤਿਆਗੀ ਤੇ
ਸਾਕਾਰਆਤਮਕ ਹੈ
ਮਨੁੱਖੀ ਤਰੱਕੀ ਸ਼ਾਂਤੀ ਤੇ
ਸਾਕੂਨ ਦਾ ਘਰ ਹੈ
ਮਨੁੱਖ ਲਈ ਰਹਿਣ ਦਾ
ਸੁਖਾਵਾਂ ਸਥਾਨ ਹੈ
ਮਨੁੱਖ ਲਈ
ਹਰ ਪ੍ਰਕਾਰ ਦੀਆਂ ਸੁਵਿਧਾਵਾਂ
ਮੁਹੱਈਆ ਕਰਦਾ ਹੈ

ਕਿਰਤ ਕਰਨੀ
ਵੰਡ ਛੱਕਣਾ ਇਸਦਾ ਆਸੂਲ ਹੈ
ਇਹ ਆਧੁਨਿਕ
ਮਨੁੱਖ ਦੀ ਪੂਜਾ ਤੋਂ ਬਿਨਾ
ਕਿਸੇ ਹੋਰ ਦੀ ਪੂਜਾ ਨਹੀਂ ਕਰਦਾ
ਸਮਾਜ ਦੀ
ਸਾਰੀ ਦੀ ਸਾਰੀ ਕਾਰਜ ਪ੍ਰਣਾਲੀ ਦਾ
ਆਧੁਨਿਕ ਮਨੁੱਖ ਸਵੈ
ਜ਼ਿੰਮੇਂਵਾਰ ਹੈ
ਮਨੁੱਖਤਾ ਇਸਦਾ ਧਰਮ ਹੈ
ਸਰੂਪ ਹੈ
ਇਹ ਸਮਾਜ ਦਾ ਅੰਗ ਹੈ ਨਕਸ਼ ਹੈ
ਚਿਹਰਾ ਹੈ ਵਜ਼ੂਦ ਹੈ
ਮਨੁੱਖੀ ਲਹੂ ਦੇ ਰੰਗ 'ਚ
ਸਿਰਜੇ ਸਮਾਜ ਦਾ
ਆਦਿ ਮਨੁੱਖ ਤੋਂ
ਅਜੋਕੇ ਮਨੁੱਖ ਦੀਆਂ
ਪ੍ਰਾਪਤੀਆਂ ਦਾ ਦਰਪਣ
ਪ੍ਰਤੱਖ ਹੈ ਪ੍ਰਮਾਣਤ ਹੈ
ਮਨੁੱਖ ਤੇ ਮਨੁੱਖਤਾ ਦੀ
ਇਕਾਈ ਦਾ ਚਿਹਰਾ
ਇਸ ਸਮਾਜ ਚੋਂ

ਨਜ਼ਰ ਆਉਂਦਾ ਹੈ
ਮਨੁੱਖੀ ਲਹੂ ਤੇ
ਮਨੁੱਖੀ ਰਿਸ਼ਤਿਆਂ ਦੇ
ਆਧਾਰ ਤੇ ਜਗਦੀ ਜੋਤ
ਇਸ ਸਿਰਜੇ ਸਮਾਜ 'ਚ
ਜਗਦੀ ਹੈ
ਨਵੇਂ ਸੂਰਜ
ਨਵੀਆਂ ਧਰਤੀਆਂ
ਨਵੇਂ ਅੰਬਰਾਂ ਹੇਠ
ਚੰਨਾਂ ਤਾਰਿਆਂ ਦੀ ਛਾਵੇਂ
ਮਨੁੱਖਤਾ ਸਾਹ ਭਰਦੀ ਹੈ
ਪੁਰਾਤਨ ਪਿੱਛਾਂਹਖਿਚੂ
ਅਗਿਆਨਤਾ
ਤੇ ਭਰਮ ਭੁਲੇਖਿਆਂ ਤੋਂ
ਮੁਕਤ ਇਸਦਾ ਵਜੂਦ ਹੈ
ਕੁਰੀਤੀਆਂ ਕੋ੍ਪੀਆਂ
ਅੰਧ ਵਿਸ਼ਵਾਸ ਦੇ ਭੈਅ ਤੋਂ ਦੂਰ
ਸੱਚ ਤੇ ਆਧਾਰਤ
ਜਿਸਦੀ ਸਿਆਣ ਮਨੁੱਖ ਹੈ
ਇਸ ਸਮਾਜ ਦੇ
ਵਿਚਰਨ ਧਰਾਤਲ ਦਾ
ਰੂਪ ਹੈ

ਉਪਰੋਕਤ ਤੱਤਾਂ ਤੇ
ਵਿਚਾਰਧਾਰਾ ਅਨੁਸਾਰ
ਜਦ ਮਨੁੱਖ
ਇਸ ਸੰਕਲਪੀ ਸਮਾਜ ਦੀ
ਸਥਾਪਨਾ ਕਰੇਗਾ
ਤਾਂ ਆਧੁਨਿਕ ਮਨੁੱਖ
ਇਸ ਸਮਾਜ 'ਚ
ਮਨੁੱਖੀ ਸਵਰਗ ਧਰੇਗਾ
ਜਿੰਨਾ ਯੋਗਦਾਨ
ਆਧੁਨਿਕ ਸਮਾਜ ਦੀ
ਸਥਾਪਨਾ ਲਈ
ਆਧੁਨਿਕਤਾ ਪਾ ਰਹੀ ਹੈ
ਸਮਾਜਕ ਆਲੋਚਕਾਂ ਨੂੰ ਵੀ
ਦਾਰਸ਼ਨਿਕਾਂ ਤੇ ਵਿਗਿਆਨੀਆਂ
ਨੂੰ ਵੀ
ਆਧੁਨਿਕ ਸਮਾਜ ਦੀ
ਸਥਾਪਨਾ 'ਚ
ਆਪਣਾ ਯੋਗਦਾਨ
ਪਾਉਣਾ ਚਾਹੀਦਾ ਹੈ
ਆਧੁਨਿਕਤਾ ਦਾ ਹੱਥ
ਵਟਾਉਣਾ ਚਾਹੀਦਾ ਹੈ
ਸਮਾਜਕ ਆਲੋਚਕਾਂ ਨੂੰ

ਆਧੁਨਿਕਤਾ ਦੇ ਆਸ਼ੇ
ਤੇ ਸੁਭਾਅ ਦੇ ਆਧਾਰ ਤੇ
ਮਨੁੱਖ ਤੇ ਮਨੁੱਖਤਾ ਦੇ
ਉਪਕਾਰ ਦੇ ਆਧਾਰ ਤੇ
ਆਧੁਨਿਕ ਸਮਾਜ ਦੀ
ਆਲੋਚਨਾਤਮਕ ਦ੍ਰਿਸ਼ਟੀ ਤੋਂ
ਸਮਾਜ ਦੀ ਸਥਾਪਨਾ
ਕਰਨੀ ਚਾਹੀਦੀ ਹੈ
ਅਜੋਕੇ ਸਮਾਜ ਤੋਂ ਵੱਖਰੀ
ਸਮਾਜਕ ਵਿਉਂਤ
ਘੜਨੀ ਚਾਹੀਦੀ ਹੈ
ਸਮਾਜਕ ਆਲੋਚਕਾਂ ਨੂੰ
ਇਸ ਸਮਾਜ ਦੀ ਸਥਾਪਨਾ
ਪ੍ਰੰਪਰਾਗਤ ਰੂੜ੍ਹੀਵਾਦੀ
ਆਧਾਰ ਤੇ ਨਹੀਂ
ਸਗੋਂ ਆਧੁਨਿਕ
ਆਲੋਚਨਾਤਮਕ ਆਧਾਰ ਤੇ
ਕਰਨੀ ਚਾਹੀਦੀ ਹੈ
ਆਧੁਨਿਕ ਸਮਾਜਕ
ਵਜ਼ੂਦ ਨੂੰ
ਆਧੁਨਿਕ ਸੰਦਰਭ 'ਚ
ਪਰਖਣ ਪੜਚੋਲਣ ਦੀ ਲੋੜ ਹੈ

ਪੁਣ ਛਾਣ ਧੋ ਨਿਚੋੜ ਕੇ
ਰੋਲਣ ਦੀ ਲੋੜ ਹੈ
ਆਲੋਚਨਾਤਮਕ ਧਾਰਾਵਾਂ
ਆਧੁਨਿਕ ਸਮਾਜ ਅਨੁਸਾਰ
ਹੋਣੀਆਂ ਚਾਹੀਦੀਆਂ ਹਨ
ਤਾਂ ਕਿ
ਆਲੋਚਨਾਤਮਕ ਧਾਰਾਵਾਂ
ਸਮਾਜ ਨੂੰ
ਸਰਬ ਮਨੁੱਖਤਾ ਅਨੁਕੂਲ
ਢਾਲ ਸਕਣ
ਸਮਾਜਕ ਵਜੂਦ ਨੂੰ
ਸੱਚ ਦਲੀਲ ਤੇ ਤਰਕ
ਦੇ ਆਧਾਰ ਤੇ
ਮਾਨਵਤਾ ਦੇ ਹਿਰਦੇ 'ਚ
ਉਤਾਰ ਸਕਣ
ਲੋੜ ਹੈ
ਸਮਾਜਕ ਵਿਗਿਆਨੀਆਂ ਨੂੰ
ਆਧੁਨਿਕ ਸਮਾਜ ਦਾ ਢਾਂਚਾ
ਸੁਭਾਅ ਤੇ
ਪ੍ਰਯੋਜਨ ਸਮਝਣ ਦੀ
ਆਪਣੇ ਲਹੂ 'ਚ ਉਤਾਰਨ ਦੀ
ਆਪਣੇ ਸੁਭਾਅ

ਤੇ ਦ੍ਰਿਸ਼ਟੀਕੋਣ ਦਾ
ਹਿੱਸਾ ਬਨਾਵਣ ਦੀ
ਤਾਂ ਕਿ ਆਧੁਨਿਕਤਾ ਦੇ ਸੰਕਲਪ
ਅਰਥ ਤੇ ਵਜੂਦ ਤੋਂ ਅਲੱਗ
ਆਧੁਨਿਕ ਮਨੁੱਖ ਅਨੁਸਾਰ
ਸਿਰਜੇ ਜਾਣ ਵਾਲੇ
ਸਮਾਜਕ ਸੱਚ ਦਾ ਗਿਆਨ ਹੋ ਸਕੇ
ਆਧੁਨਿਕ ਮਨੁੱਖੀ
ਸਮਾਜ ਅਨੁਕੂਲ ਵਿਸ਼ਵ
ਵਿਸ਼ਵ ਅਨੁਕੂਲ ਮਨੁੱਖੀ
ਸਮਾਜ ਹੋ ਸਕੇ
ਸਮਾਜ ਵਿਸ਼ਵ ਦੀ
ਵਿਸ਼ਵ ਮਨੁੱਖ ਤੇ ਸਮਾਜ ਦੀ
ਪਹਿਚਾਣ ਹੋ ਸਕੇ
ਲੋੜ ਹੈ
ਆਧੁਨਿਕ ਮਨੁੱਖ ਤੇ
ਸਮਾਜ ਨੂੰ
ਅਜੋਕੇ ਸੰਦਰਭ 'ਚ ਰੱਖ ਕੇ
ਪਰਖਣ ਪੜਚੋਲਣ ਦੀ
ਆਧੁਨਿਕਤਾ
ਦੀਆਂ ਨਜ਼ਰਾਂ 'ਚ ਵਸਦੇ
ਆਧੁਨਿਕ ਮਨੁੱਖ ਦਾ ਸੰਘਰਸ਼
ਫਰੋਲਣ ਦੀ

ਲੋੜ ਹੈ
ਲੇਖਾ ਜੋਖਾ ਕਰਨ ਦੀ
ਕੀ ਆਦਿ ਮਨੁੱਖ ਤੋਂ
ਹੁਣ ਤਕ ਦੇ ਮਨੁੱਖ ਦਾ ਸਫ਼ਰ
ਮਨੁੱਖਤਾ ਲਈ ਮਨੁੱਖ ਲਈ
ਵਿਸ਼ਵ ਲਈ
ਕਿੰਨਾ ਲਾਭਦਾਇਕ ਪ੍ਰਤੱਖਵਾਦੀ
ਤੇ ਪ੍ਰਮਾਣਿਤ ਸਾਬਤ ਹੋਇਆ ਹੈ
ਕਿੰਨਾ ਮਨੁੱਖ ਨੇ
ਸਮਾਜ ਦੇ ਅੰਗਾਂ ਤੇ ਵਜ਼ੂਦ ਨੂੰ
ਧੋਇਆ ਹੈ
ਕਿੰਨਾ ਸਮਾਜ ਭਵਿੱਖਤ
ਗਤੀਸ਼ੀਲਤਾ ਦੇ ਯੋਗ ਹੋਇਆ ਹੈ
ਆਪਣੇ ਸਫ਼ਰ ਦੇ
ਇਸ ਸਿਖ਼ਰ ਤੋਂ
ਅਜੋਕਾ ਮਨੁੱਖ
ਜੇ ਆਦਿ ਵੱਲ ਝਾਤੀ ਮਾਰੇ
ਕਿ ਉਹ
ਆਪਣੇ ਸਫ਼ਰ ਦੀ ਸੰਤੁਸ਼ਟਤਾ
ਹੰਢਾਉਂਦਾ ਹੈ
ਜਾਂ ਆਪਣੇ ਆਪ ਨੂੰ
ਅਸਫ਼ਲਤਾ 'ਚ ਘਿਰਿਆ
ਪਾਉਂਦਾ ਹੈ

ਜੋ ਉਹ ਪ੍ਰਾਪਤ ਕਰਨਾ
ਚਾਹੁੰਦਾ ਸੀ
ਉਹ ਪ੍ਰਾਪਤ ਕਰ ਸਕਿਆ ਹੈ
ਕਿ ਨਹੀਂ
ਅਜੋਕਾ ਮਨੁੱਖ
ਆਪਣੀ ਹੋਂਦ ਨਾ ਬੀਤੇ 'ਚ
ਨਾ ਵਰਤਮਾਨ ਨਾ ਭਵਿੱਖ 'ਚ
ਕਾਇਮ ਰੱਖ ਸਕਿਆ ਹੈ
ਮਨੁੱਖ ਨੇ
ਆਪਣੇ ਦੁਆਲੇ ਵੀਰਾਨੀਆਂ
ਹਨ੍ਹੇਰੀਆਂ ਦੇ ਜੰਗਲ
ਉੱਗਾਏ ਹਨ
ਜਿਸ 'ਚ ਭਟਕ ਭਟਕ ਕੇ
ਮਰਿਆ ਹੈ
ਨਾ ਆਪਣੇ ਪੈਂਡੇ ਮੁਕਾਏ ਹਨ
ਨਾ ਆਪਣੇ ਆਪ 'ਚ
ਪਰਤਿਆ ਹੈ
ਸਾਰਾ ਵਾਤਾਵਰਣ ਮਨੁੱਖ ਨੇ
ਪ੍ਰਦੂਸ਼ਣ ਨਾਲ ਭਰਿਆ ਹੈ
ਜੀਵਨ 'ਚ ਸੁੰਦਰਤਾ ਦੀ ਥਾਂ
ਪੈਰੇ ਪੈਰ ਤੇ ਕੋਹੜ ਧਰਿਆ ਹੈ
ਕੁਦਰਤ ਤੋਂ ਦੂਰ ਹੋ ਗਿਆ ਹੈ

ਆਪਣੇ ਆਪ 'ਚ
ਇਕੱਲਾ ਰਹਿ ਗਿਆ ਹੈ
ਚਾਨਣ 'ਚ ਤੁਰਨ ਦੀ ਥਾਂ
ਹਨ੍ਹੇਰਿਆਂ ਦੇ ਰਾਹ ਪੈ ਗਿਆ ਹੈ
ਅਜੋਕੇ ਮਨੁੱਖ ਦੀ
ਆਦਿ ਤੋਂ ਹੁਣ ਤਕ ਦੀ
ਆਲੋਚਨਾ 'ਚ
ਆਪਣੀ ਹੁਣ ਤਕ ਦੀ ਉਸਾਰੀ 'ਚ
ਸੰਤੁਸ਼ਟਤਾ ਦੀ ਪਰਖ ਪੜਚੋਲ ਚੋਂ
ਆਧੁਨਿਕ ਮਨੁੱਖ ਦੇ ਸੰਕਲਪ ਚੋਂ
ਆਧੁਨਿਕ ਸਮਾਜ ਦੀ ਸਿਰਜਣ
ਦੀ ਯਥਾਰਥਕ ਸੋਚ ਚੋਂ ਹੀ
ਅਜੋਕਾ ਮਨੁੱਖ
ਆਧੁਨਿਕ ਮਨੁੱਖ ਤੇ ਸਮਾਜ ਦਾ
ਨਿਰਮਾਣ ਕਰ ਸਕਦਾ ਹੈ
ਆਪਣੀ ਤਲੀ ਤੇ
ਆਧੁਨਿਕ ਮਨੁੱਖ ਦਾ ਤੇ
ਸਮਾਜ ਦਾ ਸੱਚ ਧਰ ਸਕਦਾ ਹੈ
ਸਮਾਜਕ ਵਿਗਿਆਨੀਆ ਨੂੰ
ਅਜੋਕੇ ਇਕੱਲੇ ਰਹਿ ਗਏ
ਮਨੁੱਖ ਦੀਆ ਅੱਖ੍ਹਾਂ 'ਚ
ਝਾਕਣਾ ਚਾਹੀਦਾ ਹੈ

ਉਸਦੇ
ਦਿਸਹੱਦਿਆਂ ਦੇ ਆਦਿ
ਤੇ ਅੰਤ
ਵਰਤਮਾਨ ਤੇ ਭਵਿੱਖ ਨੂੰ
ਵਿਚਾਰਨਾ ਚਾਹੀਦਾ ਹੈ
ਜੇ ਅਜੋਕਾ ਮਨੁੱਖ
ਆਪਣੇ ਵਜੂਦ ਆਪਣੇ
ਕਾਰਜ ਕਰਮ ਤੋਂ ਸੰਤੁਸ਼ਟ ਨਹੀਂ
ਤਾਂ ਉਸ ਦੀਆਂ ਅੱਖ੍ਹਾਂ 'ਚ
ਕਿਸ ਕਿਸਮ ਦੇ ਮਨੁੱਖ ਦਾ
ਸੰਕਲ਼ਪ ਹੈ
ਸਮਾਜਕ ਵਿਗਿਆਨੀਆਂ
ਦੀ ਦ੍ਰਿਸ਼ਟੀ 'ਚ
ਅਜੋਕੇ ਮਨੁੱਖ ਦਾ ਕੀ ਸਥਾਨ ਹੈ
ਇਸਨੂੰ ਸਮਝਣ ਦੀ ਲੋੜ ਹੈ
ਉਜਲੇ ਭਵਿੱਖ ਲਈ
ਅਜੋਕੇ ਮਨੁੱਖ ਦੀਆਂ
ਸੀਮਾਂ ਸੰਭਾਵਨਾਵਾਂ ਕੀ ਹਨ
ਭਵਿੱਖ 'ਚ ਪਹੁੰਚਣ ਲਈ
ਉਸ ਕੋਲ ਕਿਹੜੇ
ਵਿਗਿਆਨਕ ਰਾਹ ਹਨ
ਅਜੋਕਾ ਮਨੁੱਖ

ਜੇ ਆਪਣੀ ਆਲੋਚਨਾ ਦੇ
ਸਿੱਟੇ ਤਕ
ਆਪਣੀ ਸਿਰਜੀ ਦੁਨੀਆਂ
ਤੇ ਵਿਕਸਤ ਸਮਾਜ ਤੋਂ
ਸੰਤੁਸ਼ਟ ਨਹੀਂ
ਉਸਦੀ ਮਾਨਸਿਕਤਾ 'ਚ
ਕਿਸ ਮਨੁੱਖੀ ਸਮਾਜ
ਤੇ ਵਿਸ਼ਵ ਦਾ ਚਿਹਰਾ ਹੈ
ਜੋ ਉਸਦੇ ਜੀਵਨ 'ਚ
ਸਾਕਾਰਤਾ ਦੇ ਸੂਰਜ
ਤੇ ਕਿਰਨਾਂ ਖਿਲਾਰ ਸਕੇ
ਉਸਦੀ ਅਸਫ਼ਲਤਾ
ਸਫ਼ਲਤਾ ਦਾ ਰੂਪ ਧਾਰ ਸਕੇ
ਅਜੋਕੇ ਮਨੁੱਖ ਦੇ ਪੱਲੇ
ਅਸਪੱਸ਼ਟਤਾ ਤੋਂ ਬਿਨਾਂ
ਕੁੱਝ ਨਜ਼ਰ ਨਹੀਂ ਆਉਂਦਾ
ਅਜੋਕੇ ਸਮਾਜਕ ਵਿਗਿਆਨੀਆਂ
ਨੂੰ
ਅਜੋਕੇ ਮਨੁੱਖ ਦੇ ਸਿਰ ਤੋਂ
ਪੈਰਾਂ 'ਚ ਉਤਰਨਾ ਚਾਹੀਦਾ ਹੈ
ਤਾਂ ਕਿ ਉਹ ਜਾਣ ਸਕਣ
ਅਜੋਕੇ ਮਨੁੱਖ ਨੂੰ ਕੀ ਚਾਹੀਦਾ ਹੈ

ਆਪਣੇ ਨੈਣਾਂ 'ਚ
ਕਿਹੜਾ ਸੁਫ਼ਨਾ ਉੱਗਾਉਂਦਾ ਹੈ
ਕਿਸ ਤਰ੍ਹਾਂ ਆਪਣੀ ਅਸਫ਼ਲਤਾ ਨੂੰ
ਸਫ਼ਲਤਾ 'ਚ
ਬਦਲਣਾ ਚਾਹੁੰਦਾ ਹੈ
ਉਹ ਆਪਣੇ ਆਪ 'ਚ
ਅਸਫਲ ਮਹਿਸੂਸ ਕਰਦਾ
ਹੈ ਵੀ ਕਿ ਨਹੀਂ
ਸਮਾਜਕ ਵਿਗਿਆਨੀਆਂ ਨੂੰ
ਆਪਣੇ ਜਿਸਮ ਦੇ
ਬੂਹੇ ਤੇ ਬਾਰੀਆਂ ਖੋਲ੍ਹਣ ਦੀ ਲੋੜ ਹੈ
ਆਧੁਨਿਕ ਮਨੁੱਖ ਦਾ ਸੰਕਲਪ
ਆਧੁਨਿਕ ਸਮਾਜ ਦਾ ਵਜ਼ੂਦ
ਆਧੁਨਿਕ ਵਿਸ਼ਵ ਦੀ ਹੋਂਦ
ਆਪਣੇ ਆਪ 'ਚ
ਉਤਾਰਨ ਦੀ ਲੋੜ ਹੈ
ਆਪਣੇ ਲਹੂ 'ਚ
ਆਧੁਨਿਕ ਚੇਤਨਾ ਦੀ
ਰੌਸ਼ਨੀ ਤੋਰਨ ਦੀ ਲੋੜ ਹੈ
ਆਪਣੇ ਜੀਵਨ 'ਚ ਪ੍ਰਯੋਜਨ
ਦੀ ਲੋੜ ਹੈ
ਇਸ ਨਾਲ ਖਲੋਣ ਦੀ ਨਹੀਂ

ਬਲਕਿ ਕਦਮ ਨਾਲ
ਕਦਮ ਮੇਲ ਕੇ ਤੁਰਨ ਦੀ ਲੋੜ ਹੈ
ਜਿਸਮ 'ਚ ਜਿਊਣ ਦੀ ਲੋੜ ਹੈ
ਆਪਣੀ ਸੋਚ 'ਚ
ਹੰਢਾਉਣ ਦੀ ਲੋੜ ਹੈ
ਤਾਂ ਕਿ ਸਮਾਜਕ
ਵਿਗਿਆਨੀ
ਆਪਣੀ ਪ੍ਰੰਪਰਾਗਤ ਸੋਚ
ਤੋਂ ਆਜ਼ਾਦ ਹੋ ਸਕਣ
ਆਪਣੀਆਂ ਸੁਭਾਵਕ
ਆਦਤਾਂ ਤੋਂ ਮੁਕਤ ਹੋ ਸਕਣ
ਆਧੁਨਿਕ ਮਨੁੱਖ ਤੇ ਸਮਾਜ
ਦਾ ਸਮਰਥਨ ਕਰਨ
ਜਾਗਰੂਪਤਾ ਦੇ ਦੀਵੇ
ਮਨੁੱਖਤਾ 'ਚ ਧਰਨ
ਸਮਾਜਕ ਵਿਗਿਆਨੀਆਂ ਨੂੰ
ਅਜੋਕੇ ਸਮਾਜ ਦੀ ਦੇਹ 'ਚ
ਉਤਰ ਕੇ
ਉਸਦੇ ਲਹੂ 'ਚ ਵਿਚਰ ਕੇ
ਉਸ ਦੀਆਂ ਨਾੜਾਂ 'ਚ
ਤੁਰ ਕੇ
ਉਸਦੀ ਦੇਹ ਦੇ ਅਣੂਆਂ ਦਾ

ਕਾਰਜ ਕਰਮ ਜਾਣ ਕੇ
ਉਸਦੀ ਸਮੂਹਕ
ਕਾਰਜ ਪ੍ਰਣਾਲੀ ਪਹਿਚਾਣ ਕੇ
ਕਿਸੇ ਸਾਕਾਰ ਸਿੱਟੇ ਤੇ
ਪਹੁੰਚਣ
ਸਮਾਜ ਦੇ ਲਹੂ ਦੇ
ਵਜ਼ੂਦ ਦਾ ਸੱਚ ਜਾਨਣ
ਅਜੋਕੇ ਮਨੁੱਖ ਦਾ ਆਸ਼ਾ
ਪ੍ਰਵਿਰਤੀਆਂ ਤੇ
ਵਿਚਰਨ ਧਰਾਤਲ ਦੀ ਸੁਰ
ਸਮਝਣ
ਅਜੋਕੇ ਮਨੁੱਖ ਦੀ ਸੋਚ ਦਾ
ਯਥਾਰਥ ਜਾਨਣ
ਉਸਦਾ ਜੀਵਨ ਪ੍ਰਯੋਜਨ ਕੀ ਹੈ
ਉਹ ਕੀ ਸਿਰਜਣਾ
ਚਾਹੁੰਦਾ ਹੈ
ਉਸਦੀ ਮਾਨਸਿਕਤਾ ਤੇ
ਸਰੀਰਕ ਵਿਗਿਆਨੀਆਂ ਨੂੰ
ਅਜੋਕੇ ਸਮਾਜ ਦੇ ਪੇਟ 'ਚ
ਉਤਰ ਕੇ ਵੇਖਣ ਦੀ ਲੋੜ ਹੈ

ਉਸ ਦੇ ਢਿੱਡ 'ਚ ਕੀ ਹੈ
ਉਹ ਆਪਣੇ ਵਜ਼ੂਦ ਤੋਂ
ਸੰਤੁਸ਼ਟ ਹੈ
ਉਸ 'ਚ ਮਨੁੱਖ ਸੁਤੰਤਰ ਤੇ
ਸੁਰੱਖ਼ਸ਼ਤ ਹੈ
ਸੁਖੀ ਹੈ ਸੌਖਾ ਸਾਹ ਲੈਂਦਾ ਹੈ
ਆਪਣੀ ਲੋੜ ਮੁਤਾਬਕ
ਜੀਅ ਰਿਹਾ ਹੈ
ਕੀ ਸਮਾਜ ਦੀ ਕੋਈ
ਮਨੁੱਖ ਨੂੰ ਦੇਣ ਹੈ
ਜੋ ਮਨੁੱਖਤਾ ਦਾ ਚਿਹਰਾ
ਨਿਖਾਰ ਸਕੇ
ਅਜੋਕਾ ਸਮਾਜ
ਆਪਣੀ ਅੰਧ ਵਿਸ਼ਵਾਸੀ
ਕਮਜ਼ੋਰ ਅਤੇ ਬੀਮਾਰ ਦੇਹ ਤੋਂ
ਮੁਕਤੀ ਚਾਹੁੰਦਾ ਹੈ
ਸਮਾਜਕ ਵਿਗਿਆਨੀ
ਸਮਾਜ ਦੀ ਰਗ ਰਗ 'ਚ
ਉਤਰ ਕੇ
ਸਮਾਜ ਦੀ ਆਵਾਜ਼ ਸੁਨਣ
ਕਿ ਅਜੋਕਾ ਸਮਾਜ
ਆਪਣੀ ਕਾਇਆ ਕਲਪ

ਕਰਨਾ ਚਾਹੁੰਦਾ ਹੈ
ਜੇ ਸਮਾਜਕ ਵਿਗਿਆਨੀ
ਸਮਝਦੇ ਹਨ
ਕਿ ਅਜੋਕਾ ਸਮਾਜ
ਆਧੁਨਿਕ ਸਮਾਜ ਦਾ
ਧਾਰਨੀ ਹੈ
ਕੋੜ੍ਹ ਬੀਮਾਰੀ ਵੱਢੀ
ਰਿਸ਼ਵਤਖੋਰੀ ਜਾਤ ਪਾਤ
ਬੇਰੁਜ਼ਗਾਰੀ ਭਰਿਸ਼ਟਾਚਾਰ
ਦੀ ਓੜਣੀ
ਉਸ ਆਪਣੇ ਤੋਂ ਉਤਾਰਨੀ ਹੈ
ਆਧੁਨਿਕ ਸਮਾਜ ਤੇ
ਵਿਸ਼ਵ ਦਾ ਨਿਰਮਾਣ
ਕਰਨਾ ਹੈ
ਨਵੀਂ ਧਰਤੀ ਨਵਾਂ ਅੰਬਰ
ਮਨੁੱਖ ਦੇ ਪੈਰਾਂ ਤੇ
ਸਿਰ ਤੇ ਧਰਨਾ ਹੈ
ਤਾਂ ਸਮਾਜਕ ਵਿਗਿਆਨੀ
ਆਧੁਨਿਕਤਾ ਦੇ ਆਧਾਰ ਤੇ
ਸਮਾਜ ਦੇ ਬੀਜ
ਇਸ ਸਮਾਜ 'ਚ ਬੀਜ ਸਕਦੇ ਹਨ
ਇਸ ਨੂੰ
ਆਧੁਨਿਕ ਸਮਾਜ ਦਾਂ ਰੂਪ
ਦੇ ਸਕਦੇ ਹਨ

ਇਸਦੇ ਜਿਸਮ 'ਚ
ਸੂਰਜ ਧਰ ਸਕਦੇ ਹਨ
ਆਧੁਨਿਕ ਸੋਚ
ਇਹ ਉਹ ਹਥਿਆਰ ਹੈ
ਜੋ ਅਜੋਕੇ ਸਮਾਜ ਨੂੰ
ਆਧੁਨਿਕ ਸਮਾਜ 'ਚ
ਬਦਲਣ ਲਈ ਹਰ ਪਲ
ਤਿਆਰ ਹੈ
ਆਧੁਨਿਕਤਾ
ਸੱਚ ਸੁੰਦਰਤਾ ਤੇ ਕਲਿਆਣ
ਦਾ ਵਜੂਦ ਹੈ
ਅਜੋਕੇ ਸਮਾਜ 'ਚ
ਨਾ ਸੱਚ ਨਾ ਸੁੰਦਰਤਾ
ਨਾ ਕਲਿਆਣ ਮੌਜੂਦ ਹੈ
ਪਿਆਰ ਸਾਂਝੀਵਾਲਤਾ
ਬਰਾਬਰਤਾ ਨਿਆਂਏ
ਤੇ ਕਾਨੂੰਨ ਵਿਵੱਸਥਾ ਦਾ ਤਾਂ
ਅੰਤ ਹੀ ਹੋਇਆ ਹੈ
ਆਧੁਨਿਕਤਾ
ਆਪਣੀ ਅਭੀਵਿਅਕਤੀ ਦਾ
ਸਬੂਤ ਬਹੁਤ ਸਮੇਂ ਤੋਂ
ਸਮਾਜਕ ਵਿਗਿਆਨੀਆਂ

ਦੀ ਦ੍ਰਿਸ਼ਟੀ ਗੋਚਰ
ਕਰਦੀ ਆ ਰਹੀ ਹੈ
ਸਮਾਜਕ ਵਿਗਿਆਨੀਆਂ
ਦੇ ਰਾਹ 'ਚ
ਮਨੁੱਖ ਸਮਾਜ ਤੇ ਵਿਸ਼ਵ
ਨਿਰਮਾਣ ਲਈ
ਸੂਰਜ ਧਰਦੀ ਆ ਰਹੀ ਹੈ
ਲੋੜ ਹੈ ਸਮਾਜਕ ਵਿਗਿਆਨੀਆਂ
ਤੇ ਸਮਾਜਕ ਆਲੋਚਕਾਂ ਨੂੰ
ਆਪਣਾ ਕਰਤਵ ਜਾਨਣ ਦੀ
ਆਧੁਨਿਕ ਸਮਾਜ ਦੀ
ਸਥਾਪਨਾ ਦਾ ਕਾਰਜ ਕਰਮ
ਸਿਰੇ ਚਾੜ੍ਹਣ ਦੀ
ਲੋਕਾਂ ਨੂੰ ਇਸ ਪ੍ਰਤੀ
ਜਾਗਰੂਪ ਕਰਨ ਦੀ
ਸਮਾਜਕ ਵਿਗਿਆਨੀ
ਇਸ ਕਾਰਜ 'ਚ
ਜਿੰਨਾ ਯੋਗਦਾਨ ਪਾ ਸਕਦੇ ਹਨ
ਹੋਰ ਕੋਈ ਵੀ ਪਾ
ਨਹੀਂ ਸਕਦਾ
ਆਧੁਨਿਕਤਾ ਦੇ ਸੁਫ਼ਨੇ ਨੂੰ
ਸੱਚ ਬਣਾ ਨਹੀਂ ਸਕਦਾ

ਸਮਾਜਕ ਵਿਗਿਆਨੀਆਂ ਨੂੰ
ਭਲੀਭਾਂਤ
ਆਧੁਨਿਕਤਾ ਦੀ ਰੂਹ ਦਾ
ਸੱਚ ਜਾਣ ਲੈਣਾ ਚਾਹੀਦਾ ਹੈ
ਸਮਾਜਕ ਵਿਗਿਆਨੀਆਂ ਨੂੰ
ਆਧੁਨਿਕ ਸਮਾਜ ਤੇ ਵਿਸ਼ਵ
ਦੇ ਸਿਸਟਮ ਰੰਗ ਰੂਪ ਅੰਗ
ਨਕਸ਼ ਚਿਹਰਾ
ਯਥਾਰਥਕ ਰੂਪ
ਪਹਿਚਾਣ ਲੈਣਾ ਚਾਹੀਦਾ ਹੈ
ਆਧੁਨਿਕ
ਮਨੁੱਖ ਦਾ ਸੰਕਲਪ
ਤੇ ਆਧੁਨਿਕ ਸਮਾਜ ਦੀ
ਸਿਰਜਣਾ
ਬਾਣੀ ਨਾਲ ਮੇਲ ਖਾਂਦੀ ਹੈ
ਗੁਰਬਾਣੀ
ਆਪਣੇ ਆਪ 'ਚ ਮੁਕੰਮਲ
ਆਧੁਨਿਕ ਅਭੀਵਿਅਕਤੀ ਹੈ
ਬਾਣੀ ਜਿਸ ਪਰਮ ਪੁਰਖ
ਜਿਸ ਸਮਾਜ ਦਾ
ਸੰਕਲਪ ਸਿਰਜਦੀ ਹੈ
ਉਸ ਬਾਰੇ ਪ੍ਰਤੱਖਤਾ ਤੇ
ਪ੍ਰਮਾਣਿਤਾ ਦੀ ਸਿਖ਼ਰ ਹੈ

ਉਸ ਵਿਚ ਕੁੱਲ
ਕਾਇਨਾਤ ਪਰੋਈ ਹੈ
ਉਸ ਵਿਚ ਮਨੁੱਖ ਤੇ
ਸਮਾਜ ਦੀ ਸਾਕਾਰ ਹੋਂਦ
ਗੋਈ ਹੈ
ਬਾਣੀ ਖੁਦ ਸਾਰੀ ਦੀ ਸਾਰੀ
ਸਾਕਾਰਆਤਮਕ ਹੈ
ਸਾਕਾਰਆਤਮਕ ਸੁਭਾਅ ਦੀ
ਧਾਰਨੀ ਹੈ
ਬਾਣੀ ਜਿਸ ਸਮਾਜ ਦੀ
ਵਿਆਖਿਆ ਕਰਦੀ ਹੈ
ਉਹ ਸਮਾਜ
ਸਰਬ ਮਨੁੱਖਤਾ ਅਨੁਕੂਲ ਹੈ
ਮਨੁੱਖ ਦਾ ਧਾਰਨੀ ਹੈ
ਸਰਬਤ ਦੇ ਭਲੇ
ਵੰਡ ਕੇ ਛੱਕਣਾ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਏਕ ਨੂਰ ਤੇ
ਸਭ ਜੱਗ ਉਪਜਿਓ
ਸਵੈ ਸੱਚ ਦਾ ਪੁਜਾਰੀ ਤੇ
ਹਮਾਇਤੀ ਹੈ
ਹੱਕ ਹਲਾਲ ਤੇ ਇਮਾਨਦਾਰੀ ਦਾ
ਵਿਚਾਰਕ ਹੈ

ਗੁਰਬਾਣੀ ਸੱਚ ਸੰਯਮ
ਸੰਤੋਖ ਦੀ ਉਪਦੇਸ਼ਕ ਹੈ
ਮਨੁੱਖ ਨੂੰ ਰਾਜਨੀਤਕ ਆਰਥਕ
ਸਮਾਜਕ
ਜੀਵਨ ਜੀਉਣ ਦਾ ਵੱਲ
ਸਿੱਖਾਉਂਦੀ ਹੈ
ਮਨੁੱਖ ਕੀ ਹੈ
ਮਨੁੱਖ ਦਾ ਜੀਵਨ
ਪ੍ਰਯੋਜਨ ਕੀ ਹੈ
ਕਿਥੋਂ ਆਇਆ ਹੈ
ਕਿਥੇ ਜਾਣਾ ਹੈ
ਦੁਨੀਆ 'ਚ ਮਨੁੱਖੇ ਜੀਵਨ
ਦਾ ਮਕਸਦ ਕੀ ਹੈ
ਮਨੁੱਖ ਦੇ ਵਿਚਰਨ
ਧਰਾਤਲ ਦੀ ਮਹੱਤਤਾ ਕੀ ਹੈ
ਕੀ ਚੰਗਾ ਹੈ ਕੀ ਬੁਰਾ ਹੈ
ਕੀ ਝੂਠ ਹੈ ਕੀ ਸੱਚ ਹੈ
ਇਨ੍ਹਾਂ ਸਾਰੇ ਸਵਾਲਾਂ ਦੇ ਉੱਤਰ
ਬਾਣੀ ਸਮਝਾਉਂਦੀ ਹੈ
ਇਨ੍ਹਾਂ ਸੁਆਲਾਂ ਦੇ ਉੱਤਰ ਤੇ
ਸਵਾਲ ਹੀ
ਆਧੁਨਿਕ ਚੇਤਨ ਦਾ ਵਿਸ਼ਾ ਹੈ

ਆਧੁਨਿਕਤਾ ਦੀ ਚਿੰਰਜੀਵਤਾ
ਦਾ ਆਧਾਰ ਹੈ
ਸੁੱਖੀ ਜੀਵਨ ਬਤੀਤ ਕਰਨ ਲਈ
ਬਾਣੀ ਭਾਣਾ ਮੰਨਦੀ ਹੈ
ਭਾਣੇ 'ਚ ਰਹਿਣ ਤੇ ਜ਼ੋਰ ਦਿੰਦੀ ਹੈ
ਗੁਰੂਬਾਣੀ
ਪਰਮ ਪੁਰਖ ਦੀ ਸਿਰਜਣਾ 'ਚ
ਪਰਮ ਪੁਰਖ ਅਨੁਸਾਰ ਹੀ
ਚਲਣ ਦੀ ਹਦਾਇਤ ਕਰਦੀ ਹੈ
ਇਹ ਸੱਚ ਹੈ
ਸੱਚ ਸੁੰਦਰਤਾ ਤੇ ਕਲਿਆਣ ਤੇ
ਅਧਾਰਤ ਹੈ
ਸਮਾਜ ਸਿਰਜਣਾ ਦਾ ਸੰਕਲਪ
ਮਨੁੱਖ ਤੇ ਮਨੁੱਖਤਾ
ਅੱਗੇ ਰੱਖਦੀ ਹੈ
ਅਜਿਹਾ ਸਮਾਜਕ ਸੰਕਲਪ ਹੀ
ਆਧੁਨਿਕਤਾ ਦਾ ਹੈ
ਆਧੁਨਿਕ ਬੋਧ ਦਾ ਹੈ
ਆਧੁਨਿਕ ਮਨੁੱਖ ਦਾ ਸੰਕਲਪ
ਇਨ੍ਹਾਂ ਮੁਕੰਮਲ ਤੇ ਯਥਾਰਥਕ
ਤਾਂ ਨਹੀਂ ਹੋ ਸਕਦਾ
ਜਿੰਨਾ ਮੁਕੰਮਲ
ਪਰਮ ਪੁਰਖ ਦਾ ਬਾਣੀ 'ਚ ਹੈ

ਕਿਉਂਕਿ ਬਾਣੀ
ਧੁਰ ਦਰਗਾਹੋਂ ਆਈ ਹੈ
ਕੁਦਰਤ ਤੇ ਕਰਤਾ ਦੇ ਲਹੂ 'ਚ
ਸਮਾਈ ਹੈ
ਪਰ ਆਧੁਨਿਕ ਮਨੁੱਖ ਦੇ
ਸੰਕਲਪ ਦੀ ਸੰਭਾਵਨਾ ਵੀ
ਮੁਕੰਮਲ ਤੇ ਯਥਾਰਥਕ ਮੰਨੀ
ਜਾਂਦੀ ਹੈ
ਇਸ ਤਰ੍ਹਾਂ ਬਾਣੀ ਅਨੁਸਾਰ
ਕੀਤੇ ਗਏ
ਸਮਾਜ ਤੇ ਸਮਾਜਕ ਜੀਵਨ ਦਾ
ਸੰਕਲਪ
ਆਧੁਨਿਕ ਵਿਚਾਰ ਧਾਰਾ ਦੀ
ਬਨਿਸਪਤ ਵਧੇਰੇ ਮੁਕੰਮਲ
ਤੇ ਯਥਾਰਥਕ ਹੈ
ਆਧੁਨਿਕ ਸਮਾਜ ਸਿਰਜਣਾ ਵੀ
ਯਥਾਰਥ ਦੇ ਨੇੜੇ ਹੈ
ਪਰ ਪੂਰਨ ਮੁਕੰਮਲਤਾ
ਗੁਰੂਬਾਣੀ ਦੇ ਪਰਮਪੁਰਖ 'ਚ
ਮੌਜੂਦ ਹੈ
ਗੁਰੂਬਾਣੀ ਪਰਮ ਪੁਰਖ ਦਾ ਵਜੂਦ ਹੈ

ਪਰਮ ਪੁਰਖ ਦਾ ਵਜ਼ੂਦ
ਗੁਰਬਾਣੀ ਰਚਨਾ ਤੋਂ
ਪਹਿਲਾਂ ਵੀ ਸੀ
ਬਾਣੀ ਤਾਂ ਇਸ ਪਰਮ ਪੁਰਖ ਦੀ
ਮਹਿਮਾ ਵਿਆਖਿਆ ਤੇ
ਵਿਸਥਾਰ ਹੈ
ਪਰ ਆਧੁਨਿਕ ਮਨੁੱਖ ਦਾ ਵਜ਼ੂਦ
ਅਜੇ ਸਿਰਜਿਆ ਜਾ ਰਿਹਾ ਹੈ
ਇਸ ਅੰਮ੍ਰਿਤ ਬੂੰਦ ਲਈ
ਮਨੁੱਖਤਾ ਦਾ ਸਾਗਰ
ਰਿੜਕਿਆ ਜਾ ਰਿਹਾ ਹੈ
ਆਧੁਨਿਕ ਵਿਚਾਰਧਾਰਾ
ਅਜੇ ਸਿਰਫ਼
ਆਧੁਨਿਕ ਮਨੁੱਖ ਤੇ ਸਮਾਜ ਦੇ
ਸੰਕਲਪ ਤੇ ਵਿਸਥਾਰ ਨੂੰ
ਜੀਅ ਰਹੀ ਹੈ
ਸਾਰੀ ਦੁਨੀਆਂ ਦੀਆਂ
ਖ਼ੂਬੀਆਂ ਇਕੱਠੀਆਂ ਕਰਕੇ
ਇਸ ਦਾ ਤਸੱਵਰ ਬਣਾ ਰਹੀ ਹੈ
ਉਸ ਸੱਚ ਦੀ ਪ੍ਰਾਪਤੀ ਵੱਲ
ਜਾ ਰਹੀ ਹੈ
ਬੁਣ ਬੁਣ ਕੇ ਕਿਰਨਾਂ
ਸੱਚ ਦਾ ਸੂਰਜ ਬਣਾ ਰਹੀ ਹੈ

ਬਾਣੀ ਦਾ ਪਰਮ ਪੁਰਖ
ਆਦਿ ਤੋਂ ਪਹਿਲਾਂ ਵੀ ਹੈ
ਅੰਤ ਤੋਂ ਪਿੱਛੋਂ ਵੀ ਹੈ
ਆਧੁਨਿਕ ਵਿਚਾਰਧਾਰਾ ਦਾ
ਮਨੁੱਖ ਤੇ ਸਮਾਜ
ਅਜੇ ਆਦਿ 'ਚ ਹੈ
ਆਦਿ ਦੇ ਰਾਹ 'ਚ ਹੈ
ਵਜ਼ੂਦ 'ਚ ਨਹੀਂ ਪੌਣਾਂ ਦੇ
ਸਾਹ 'ਚ ਹੈ
ਕਿਉਂਕਿ ਇਹ ਸੰਕਲਪ
ਧਰਤੀ ਤੇ ਉਨ੍ਹਾਂ ਜਿਉਂਦੇ
ਮਨੁੱਖਾਂ ਦਾ ਹੈ
ਜੋ ਆਪਣੀਆਂ ਊਣਤਾਈਆਂ
ਸਮੇਂ ਅਨੁਸਾਰ ਭਰਦੇ ਹਨ
ਸੱਚ ਦੀ ਭਾਲ 'ਚ
ਹਨ੍ਹੇਰਿਆਂ ਦੇ ਸਾਗਰ ਤਰਦੇ ਹਨ
ਅਨਿਆਂਏ ਨਫ਼ਰਤ
ਰਿਸ਼ਵਤਖੋਰੀ ਜ਼ੁਲਮ ਜ਼ਬਰ
ਜਰਦੇ ਹਨ
ਅਜੋਕਾ ਮਨੁੱਖ
ਆਧੁਨਿਕ ਮਨੁੱਖ ਦੇ
ਆਧੁਨਿਕ ਸਮਾਜ ਦੇ ਸੰਕਲਪ ਦਾ

ਧਾਰਨੀ ਹੋ ਰਿਹਾ ਹੈ
ਆਧੁਨਿਕ ਮਨੁੱਖ ਦੇ ਸੰਕਲਪ
ਦੀ ਪੂਰਤੀ ਲਈ ਤੁਰਿਆ ਹੈ
ਇਸਦੇ ਵਜ਼ੂਦ ਦੀ ਸਮੱਗਰੀ
ਢੋਅ ਰਿਹਾ ਹੈ
ਰਾਜਨੀਤਕ ਆਰਥਕ
ਸਮਾਜਕ ਫ਼ਲਸਫ਼ਾ
ਮਨੁੱਖ ਤੇ ਮਨੁੱਖਤਾ ਦੇ
ਅਨੁਕੂਲ ਹੋਵੇ
ਮਨੁੱਖ ਦਾ ਵਿਚਰਨ ਧਰਾਤਲ
ਮਨੁੱਖਤਾ ਅਨੁਸਾਰ ਹੋਵੇ
ਮਨੁੱਖ ਦੁਆਰਾ ਪ੍ਰਾਪਤ ਸ਼ਕਤੀ
ਮਨੁੱਖਤਾ ਦੀ ਭਲਾਈ ਲਈ
ਵਰਤਣ ਦਾ ਅਸੂਲ ਹੋਵੇ
ਕਿਉਂਕਿ
ਬਾਣੀ ਦੇ ਪਰਮ ਪੁਰਖ
ਤੇ ਸਮਾਜਕ ਸੰਕਲਪ ਵਾਂਗ
ਆਧੁਨਿਕ ਮਨੁੱਖ ਤੇ ਸਮਾਜਕ
ਸੰਕਲਪ ਵਿਚ ਵੀ
ਨਾਹਵਾਦੀ ਤੇ ਮਨੁੱਖਤਾ ਦੇ ਉਲਟ
ਵਿਚਾਰਧਾਰਾ ਦਾ
ਕੋਈ ਸਥਾਨ ਨਹੀਂ

ਆਧੁਨਿਕਤਾ
ਸਮਾਜ ਅਨੁਸਾਰ
ਮਨੁੱਖ ਦੀਆਂ ਕਮਜ਼ੋਰੀਆਂ
ਕੁਰੀਤੀਆਂ ਬਦਫੈਲੀਆਂ
ਮਨੁੱਖਤਾ ਅਨੁਕੂਲ ਨਾ ਚਲਣ
ਵਾਲੀ ਪ੍ਰਵਿਰਤੀਆਂ ਨੂੰ
ਮਨੁੱਖੀ ਸਖ਼ਸ਼ੀਅਤ ਚੋਂ ਨਿਚੋੜ ਕੇ
ਉਸ ਨੂੰ ਆਧੁਨਿਕ ਸਮਾਜ ਦਾ
ਹਾਣੀ ਤੇ ਹਿੱਸਾ ਬਣਾਉਂਦੀ ਹੈ
ਆਧੁਨਿਕ ਮਨੁੱਖ ਦੇ ਬਰਾਬਰ
ਬਿਠਾਉਂਦੀ ਹੈ
ਬੁਰਾਈ ਨੂੰ ਖਤਮ ਕਰਕੇ
ਸੋਧਣ ਦੀ ਵਿਚਾਰਧਾਰਾ ਹੈ
ਸਮਾਜਕ ਪ੍ਰਣਾਲੀ ਨੂੰ
ਆਧੁਨਿਕ ਦਿਸ਼ਾਵਾਂ ਪ੍ਰਵਿਰਤੀਆਂ
ਰਾਹ ਤੇ ਵੇਗ ਪ੍ਰਦਾਨ ਕਰਨ ਦਾ
ਸਿਲਸਿਲਾ ਹੈ
ਆਧੁਨਿਕ ਵਿਚਾਰਧਾਰਾ
ਆਧੁਨਿਕ ਮਨੁੱਖ ਤੇ ਸਮਾਜ
ਦੀ ਸਿਰਜਣਾ
ਬਾਣੀ ਦੀ ਪਰਮ ਪੁਰਖ

ਅਤੇ ਬਾਣੀ ਅਨੁਸਾਰ
ਸਮਾਜ ਸਿਰਜਣਾ
ਤੇ ਜੀਵਨ ਜਿਉਣ ਦਾ ਫ਼ਲਸਫ਼ਾ ਹੈ
ਕਿਉਂਕਿ
ਆਧੁਨਿਕ ਮਨੁੱਖ ਤੇ ਸਾਮਜ ਦਾ
ਸੰਕਲਪ ਬਾਣੀ ਅਨੁਕੂਲ ਹੈ
ਬਾਣੀ ਇਸ ਸੱਚ ਦਾ
ਜਿਉਂਦਾ ਜਾਗਦਾ ਸਬੂਤ ਹੈ
ਆਧੁਨਿਕ ਸਮਾਜ ਦਾ
ਵਿਗਿਆਨਕ ਢਾਂਚਾ
ਆਧੁਨਿਕ ਸਵਿਧਾਨ ਦੇ
ਅਨੁਕੂਲ ਹੈ
ਆਧੁਨਿਕ ਮਨੁੱਖ ਦੇ ਰਿਸ਼ਤੇ
ਆਧੁਨਿਕ ਸਾਹਿਤ ਦੀ ਜ਼ਮੀਰ
ਤੇ ਤਾਸੀਰ ਦੇ ਅਨੁਕੂਲ ਹੋਣਗੇ
ਆਧੁਨਿਕ ਮਨੁੱਖ ਤੇ ਸਮਾਜ ਦੀ
ਸੁਰੱਖ਼ਸ਼ਾ
ਆਧੁਨਿਕ ਕਾਨੂੰਨ ਤੇ
ਅਦਾਲਤਾਂ ਦੇ ਵਸ ਹੋਵੇਗੀ
ਆਧੁਨਿਕ
ਸਮਾਜ ਦੀ ਤਰੱਕੀ ਦੇ ਵਸੀਲੇ
ਪ੍ਰਤੱਖ ਤੇ ਪ੍ਰਮਾਣਿਤ ਹੋਣਗੇ

ਰਾਜਨੀਤਕ ਆਰਥਕ ਤੇ
ਸਮਾਜਕ ਪ੍ਰਬੰਧ
ਆਧੁਨਿਕ ਸੋਚ ਤੇ
ਅਧਾਰਤ ਹੋਣਗੇ
ਮਨੁੱਖੀ ਸਮਾਜ ਦੇ ਹਰ ਜੀਵ ਦੀ
ਸੁਰੱਖ਼ਸ਼ਾ ਪਾਲਣ ਪੋਸ਼ਣ ਵਿਧੀਆਂ
ਆਧੁਨਿਕ ਢੰਗ ਨਾਲ
ਹੋਣਗੀਆਂ
ਜੋ ਯਥਾਰਥਕ ਵਿਗਿਆਨਕ
ਸੁਭਾਅ ਦੇ ਆਸ਼ੇ ਤੇ ਹੋਣਗੀਆਂ
ਆਧੁਨਿਕ ਬੋਧ
ਮਨੁੱਖ ਤੇ ਸਮਾਜ ਨੂੰ
ਨਿਰੰਤਰਤਾ ਪ੍ਰਦਾਨ ਕਰਦਾ ਹੈ
ਆਧੁਨਿਕ ਵਿਚਾਰਧਾਰਾ
ਭਵਿੱਖ 'ਚ ਭਵਿੱਖ ਨਾਲ
ਭੂਤ 'ਚ ਭੂਤ ਨਾਲ
ਵਰਤਮਾਨ 'ਚ ਵਰਤਮਾਨ
ਨਾਲ ਨਹੀਂ ਰਹਿੰਦੀ
ਭੂਤ ਭਵਿੱਖ ਵਰਤਮਾਨ
ਸਮੇਂ ਦੇ ਪੜਾਅ ਹਨ
ਆਧੁਨਿਕਤਾ ਦੀ ਨਿਰੰਤਰਤਾ
ਇਨ੍ਹਾਂ ਪੜਾਵਾਂ ਤੋਂ ਬਾਹਰ ਹੈ

ਆਧੁਨਿਕਤਾ
ਇਕ ਨਿਰੰਤਰ ਨਿਯਮ ਹੈ
ਨਿਰੰਤਰ ਵਿਕਾਸ ਦੀ ਧਾਰਾ ਹੈ
ਨਿਰੰਤਰ ਆਕਾਰ ਹੈ
ਜਿਵੇਂ ਕਰਤਾ ਦੇ ਆਕਾਰ 'ਚ
ਸਾਰੇ ਬ੍ਰਹਿਮੰਡ ਸ੍ਰਿਸ਼ਟੀਆਂ
ਅਕਾਸ਼ ਧਰਤੀਆਂ ਪਤਾਲ ਹਨ
ਪਰ ਕਰਤਾ
ਇਨ੍ਹਾਂ ਦੇ ਆਕਾਰ ਤੋਂ ਬਾਹਰ ਹੈ
ਇਸ ਤਰ੍ਹਾਂ
ਆਧੁਨਿਕਤਾ ਵੀ ਅਸੀਮ ਹੈ
ਜਿਵੇਂ ਸੱਚ ਸੁੰਦਰਤਾ ਕਲਿਆਣ
ਆਕਾਰ ਰਹਿਤ ਹੈ
ਜਿਸ ਸਮਾਜ 'ਚ
ਆਧੁਨਿਕਤਾ ਦੀਆਂ ਰੁਚੀਆਂ
ਦ੍ਰਿਸ਼ਟਮਾਨ ਹਨ
ਉਹ ਸਮਾਜ ਤੇ ਮਨੁੱਖ ਦਾ
ਉਜਲਾ ਭਵਿੱਖ ਸਿਰਜਣ ਲਈ
ਉਸ 'ਚ ਧਰਤੀ ਦਾ ਸੱਚ
ਤੇ ਯਥਾਰਥ ਧਰਨ ਲਈ
ਸਮਾਜਕ ਵਿਗਿਆਨੀਆਂ ਨੂੰ

ਇਸਦੀ ਮਹੱਤਤਾ ਸਮਝ ਕੇ
ਇਸਦੀ ਚਿੰਰਜੀਵਤਾ
ਅਨੁਭਵ ਕਰਕੇ
ਇਸਦੀ ਪ੍ਰਗੱਟਤਾ ਤੇ ਪ੍ਰਮਾਣਿਕਤਾ
ਜਾਣ ਕੇ
ਇਸਨੂੰ ਅਜੋਕੇ ਸਮਾਜ ਦੇ
ਬਦਲਵੇਂ ਰੂਪ 'ਚ ਸਥਾਪਤ ਕਰਨਾ
ਚਾਹੀਦਾ ਹੈ
ਮਨੁੱਖਤਾ ਲਈ ਸਰਮਾਏਦਾਰੀ
ਨਾ ਸਮਾਜਵਾਦੀ ਸਿਸਟਮ
ਤੇ ਨਾ ਹੀ ਦੁਨੀਆਂ ਦਾ
ਕੋਈ ਹੋਰ ਸਿਸਟਮ
ਰਾਸ ਆਇਆ ਹੈ
ਆਧੁਨਿਕਤਾ
ਆਉਣ ਵਾਲੇ ਸਮੇਂ 'ਚ
ਮਨੁੱਖ ਨੂੰ ਤੇ ਮਨੁੱਖਤਾ ਨੂੰ
ਅਨੁਕੂਲ ਸਿਸਟਮ ਦੇਣ ਯੋਗ ਹੈ
ਇਹ ਨਾ ਸਮਾਜਵਾਦੀ ਸਿਸਟਮ ਹੈ
ਇਹ ਮਨੁੱਖਵਾਦੀ
ਸਿਸਟਮ ਹੈ
ਜਿਸਦੀ ਆਧੁਨਿਕਤਾ
ਉਪਾਸ਼ਕ ਹੈ

ਜਿਸਦੇ ਰੰਗ ਰੂਪ ਨਕਸ਼
ਅੰਗਾਂ ਤੇ ਚਿਹਰੇ ਦੀ ਆਸ਼ਕ ਹੈ
ਗੱਲ ਸਿਰਫ਼
ਸਮਾਜਕ ਵਿਗਿਆਨੀਆਂ ਨੂੰ
ਆਧੁਨਿਕਤਾ ਦਾ ਆਸ਼ਾ
ਤੇ ਸੱਚ ਸਮਝਣ ਦੀ ਹੈ
ਸਮਾਜਕ ਵਿਗਿਆਨੀ
ਖ਼ੁਦ ਆਧੁਨਿਕ ਪ੍ਰਵਿਰਤੀ ਨੂੰ
ਪ੍ਰੰਪਰਾਗਤ
ਪ੍ਰਵਿਰਤੀ ਤੋਂ ਨਿਖੇੜ ਕੇ ਵੇਖ
ਸਕਦੇ ਹਨ
ਇਸਦੀ ਸੱਚ ਸੁੰਦਰਤਾ ਤੇ
ਕਲਿਆਣ ਦੀ
ਨੁਹਾਰ ਨੂੰ ਸਮਝ ਸਕਦੇ ਹਨ
ਆਧੁਨਿਕਤਾ
ਕੁਕਨੂਸ ਦੀ ਮਿੱਥਕ ਕਹਾਣੀ
ਵਾਂਗ ਨਹੀਂ
ਸਗੋਂ ਜਿਉਂਦੇ ਜਾਗਦੇ
ਰੁੱਖਾਂ ਵਰਗੀ ਹੈ
ਰੁੱਖ ਜੋ ਆਪਣੇ ਫੁੱਲਾਂ ਚੋਂ ਫੱਲ
ਫੱਲਾਂ ਚੋਂ ਬੀਜ ਬਣ ਉੱਗ ਆਉਂਦੇ ਹਨ
ਰੁੱਖ ਚਿਰੰਜੀਵੀ
ਤ੍ਰੈਕਾਲਮੁੱਖੀ ਹਨ

ਭੂਤ ਭਵਿੱਖ ਤੇ ਵਰਤਮਾਨ ਦੇ
ਆਕਾਰ ਤੋਂ ਬਾਹਰ ਹਨ
ਜਿਵੇਂ ਰੁੱਖ ਕਦੀ ਨਹੀਂ ਮਰਦਾ
ਇਵੇਂ
ਆਧੁਨਿਕਤਾ ਅਮਰ ਪ੍ਰਵਿਰਤੀ ਹੈ
ਅਮਰ ਸੋਚ ਹੈ
ਅਮਰ ਬੋਧ ਹੈ
ਕਿਉਂਕਿ ਆਪਣੇ ਸਵੈ ਸੱਚ
ਦੀ ਰੌਸ਼ਨੀ
ਤੇ ਯਥਾਰਥ ਤੇ ਅਧਾਰਤ ਹੈ
ਇਹ ਸੂਰਜ ਦੀ
ਉਹ ਕਿਰਨ ਹੈ
ਜੋ ਮੈਲੇ ਤੇ ਪੈਂਦੀ ਵੀ
ਮੈਲੀ ਨਹੀਂ ਹੁੰਦੀ
ਆਧੁਨਿਕਤਾ ਆਪ
ਮਨੁੱਖ ਨੂੰ
ਆਧੁਨਿਕ ਮਨੁੱਖ 'ਚ ਢਾਲ
ਦੇਣ ਦੀ ਪ੍ਰਯੋਗਸ਼ਾਲਾ ਹੈ
ਘੁਣ ਖਾਦੇ ਸੜੇ ਗਲੇ ਸਮਾਜ ਚੋਂ
ਸਿਹਤਮੰਦ ਨਿਰੋਆ
ਆਧੁਨਿਕ ਮਨੁੱਖੀ ਸਮਾਜ
ਸਿਰਜਣ ਦਾ ਉਪਰਾਲਾ ਹੈ

ਦੁਨੀਆਂ ਦੀਆਂ
ਸਭ ਵਿਚਾਰ ਧਰਾਵਾਂ ਚੋਂ
ਆਧੁਨਿਕਤਾ ਸਿਰਮੌਰ ਹੈ
ਆਧੁਨਿਕਤਾ
ਅਜੋਕੀ ਵਿਗਿਆਨਕ ਤੇ
ਗਿਆਨ ਖੋਜ ਨੂੰ
ਸਿਰਫ਼ ਮਨੁੱਖੀ ਗਿਆਨ
ਤਕ ਹੀ ਸੀਮਤ ਨਹੀਂ ਰੱਖਦੀ
ਸਗੋਂ ਮਨੁੱਖ ਨੂੰ
ਇਨ੍ਹਾਂ ਖੋਜਾਂ ਪ੍ਰਤੀ
ਸਿਆਣਫ਼ ਤੇ ਸਾਕਾਰਆਤਮਕ
ਦ੍ਰਿਸ਼ਟੀ
ਪ੍ਰਦਾਨ ਕਰਦੀ ਹੈ
ਅਜੋਕੀ ਵਿਦਿਆ
ਜਿੱਥੇ ਮਨੁੱਖ ਨੂੰ ਸਿਰਫ਼
ਗਿਆਨ ਦਿੰਦੀ ਹੈ
ਮਨੁੱਖ ਨੂੰ ਸਿਆਣਫ਼
ਪ੍ਰਦਾਨ ਨਹੀਂ ਕਰਦੀ
ਸਿਆਣਫ਼ ਹੀ ਆਧੁਨਿਕਤਾ ਨੂੰ
ਪ੍ਰੰਪਰਾ ਨਾਲੋਂ ਨਿਖੇੜਦੀ ਹੈ
ਤਾਂ ਜੋ ਵਿਗਿਆਨਕ ਖੋਜ ਰਾਹੀਂ

ਪ੍ਰਾਪਤ ਸ਼ਕਤੀ ਦਾ
ਮਨੁੱਖ ਸਹੀ ਇਸਤੇਮਾਲ
ਕਰ ਸਕੇ
ਆਦਿ ਤੋਂ ਹੁਣ ਤਕ ਦੇ ਸਫ਼ਰ 'ਚ
ਮਨੁੱਖ ਗਿਆਨਵਾਨ ਤਾਂ
ਬਹੁਤ ਹੋਇਆ ਹੈ
ਪਰ ਸਿਆਣਾ ਰਤਾ ਭਰ ਨਹੀਂ
ਹੋਇਆ
ਆਧੁਨਿਕਤਾ
ਵਿਦਿਆ ਦਾ ਪ੍ਰਸਾਰ
ਗਿਆਨ ਰੂਪ ਵਿਚ
ਸਿਆਣਫ਼ ਦੇ ਆਧਾਰ
ਤੇ ਕਰਦੀ ਹੈ
ਮਨੁੱਖੀ ਨਸਲ ਨੂੰ
ਗਿਆਨ ਦੇ ਨਾਲ ਨਾਲ
ਜੀਵਨ ਜਿਉਣ ਦੇ
ਸੱਚੇ ਸੁੱਚੇ ਇਮਾਨਦਾਰ
ਪਿਆਰ ਤੇ ਦਯਾ ਦੇ
ਕਲਿਆਣਕਾਰੀ ਰਾਹ
ਦਰਸਾਉਂਦੀ ਹੈ
ਅਸਲ ਵਿਦਿਆ ਦੀ
ਜਿਸ ਵਿਦਿਅਕ ਸੱਚ ਦੀ

ਮਨੁੱਖ ਨੂੰ ਲੋੜ ਹੈ
ਪ੍ਰਦਾਨ ਕਰਦੀ ਹੈ
ਅਜੋਕੇ ਸਮਾਜ ਦੇ
ਪੜ੍ਹੇ ਲਿਖੇ ਤੱਤ ਮੂਰਖਤਾ ਦੀ
ਹੱਦ ਤਕ ਗੁਜ਼ਰਦੇ ਹਨ
ਅਜੋਕੇ ਯੁੱਗ ਨੇ ਮਨੁੱਖ ਨੂੰ
ਰਾਵਣ ਮਈ
ਗਿਆਨ ਤੇ ਵਿਗਿਆਨ
ਦਿਤਾ ਹੈ
ਸਿਆਣਫ਼ਮਈ ਨਹੀਂ
ਰਾਵਣ ਉੱਚ ਦਰਜੇ ਦਾ
ਬੁੱਧੀਮਾਨ ਸੀ
ਪਰ ਆਪਣੀ ਮੂਰਖਤਾ ਕਾਰਨ
ਆਪਣੀ ਲੰਕਾ
ਆਪਣਾ ਰਾਜਪਾਠ ਆਪਣਾ ਦੇਸ਼
ਆਪਣੀ ਸਲਤਨਤ ਸਭ ਕੁੱਝ
ਗੁਆ ਬੈਠਾ
ਕਿਉਂਕਿ ਉਹ ਜਿੰਨਾ ਵਿਦਵਾਨ ਸੀ
ਓਨਾ ਹੀ ਸਿਆਣਾ ਘੱਟ ਸੀ
ਆਧੁਨਿਕਤਾ
ਅੰਬਰੀਂ ਸਵਰਗ ਨਹੀਂ
ਬਲਕਿ ਮਨੁੱਖੀ ਸਵਰਗ
ਧਰਤੀ ਤੇ ਵਿਸਥਾਰਨਾ ਚਾਹੁੰਦੀ ਹੈ

ਆਧੁਨਿਕਤਾ
ਮਨੁੱਖ ਨੂੰ ਉਹ ਕੰਮ ਕਰਨੋਂ
ਰੋਕਦੀ ਹੈ
ਜੋ ਮਨੁੱਖ ਸਮਾਜ ਮਨੁੱਖਤਾ ਤੇ
ਵਿਸ਼ਵ ਲਈ ਹਾਨੀਕਾਰਕ ਹਨ
ਆਧੁਨਿਕਤਾ ਸੱਚ ਇਮਾਨਦਾਰੀ
ਪਿਆਰ ਸਬਰ-ਸੰਤੋਖ ਤੇ
ਸਾਂਝੀਵਾਲਤਾ ਦੀ ਧਾਰਨੀ ਹੈ
ਇਨਸਾਨ ਨੂੰ ਇਨਸਾਨ
ਸਮਝਣ ਵਾਲੇ ਮਨੁੱਖ ਦੀ
ਸਥਾਪਤੀ ਚਾਹੁੰਦੀ ਹੈ
ਜਿਸਦਾ ਆਧਾਰ
ਸੱਚ ਸੁੰਦਰਤਾ ਕਲਿਆਣ
ਤੇ ਪਿਆਰ ਹੈ
ਉਸ ਸਮਾਜ ਦੀ ਸਿਰਜਣੀ ਹੈ
ਜਿਸ ਵਿਚ ਮਨੁੱਖ ਦੀ
ਲੁੱਟ ਖਸੁੱਟ ਨਾ ਹੋਵੇ
ਮਨੁੱਖੀ ਸ਼ੋਸ਼ਨ ਨਾ ਹੋਵੇ
ਵੈਰ ਵਿਰੋਧ ਘ੍ਰਿਣਾ ਅਪਰਾਧ
ਨਾ ਹੋਵੇ
ਮਨੁੱਖ ਸਾਰੇ ਸੰਸਾਰ ਨੂੰ
ਇਕੋ ਨਿਗਾਹ ਨਾਲ ਵੇਖੇ
ਰੰਗ ਜਾਤ ਪਾਤ ਨਸਲ ਤੋਂ ਬਿਨਾ

ਹਰ ਮਨੁੱਖ ਨੂੰ
ਉਸਦੀ ਯੋਗਤਾ ਅਨੁਸਾਰ
ਸਮਾਜਕ ਸਥਾਨ ਮਿਲੇ
ਜਿਵੇਂ ਕਰਤਾ ਸਾਰੀ
ਸ਼ਰਿਸ਼ਟੀ ਸੰਭਾਲਦਾ ਹੈ
ਇਵੇਂ ਹੀ ਆਧੁਨਿਕ ਮਨੁੱਖ
ਆਧੁਨਿਕ ਸਮਾਜ ਤੇ ਵਿਸ਼ਵ
ਦਾ ਮੂਲ ਹੈ
ਸਮਾਜਕ ਉਨਤੀ ਲਈ
ਵਿਸਥਾਰ ਤੇ ਹਿਫ਼ਾਜ਼ਤ ਲਈ
ਆਧੁਨਿਕ ਧਰਤੀ ਤੇ
ਉਸ ਸਵਰਗ ਦੀ ਸਥਾਪਨਾ
ਕਰਦਾ ਹੈ
ਜਿਸ ਵਿਚ ਮਨੁੱਖ
ਆਪਣੀ ਮਰਜ਼ੀ ਨਾਲ
ਆਪਣਾ ਜੀਵਨ ਤੰਦਰੁਸਤ ਤੇ
ਘਰੇਲੂ ਲੋੜਾਂ ਦੀ ਪੂਰਤੀ
ਅਨੁਸਾਰ ਜੀਅ ਸਕੇ
ਜੀਵਨ ਸੁਰੱਖ਼ਸ਼ਾ ਸੁੱਖ ਸ਼ਾਂਤੀ
ਅਤੇ ਆਪਣੀ ਤਸੱਲੀ
ਅਨੁਸਾਰ ਵਿਚਰ ਸਕੇ
ਉਸਨੂੰ ਸਰੀਰਕ ਤੇ ਮਾਨਸਿਕ
ਸਾਕੂਨ ਹਾਸਲ ਹੋਵੇ

ਉਸਦੇ ਸਾਹ ਲੈਣ ਲਈ
ਵਾਤਾਵਰਨ ਦੀ ਸ਼ੁਧਤਾ
ਉਹ ਆਪਣੇ ਹਿੱਸੇ ਦੀ ਰੌਸ਼ਨੀ
ਦਾ ਭਾਗੀਦਾਰ ਹੋਵੇ
ਸ਼ਾਸਨ ਉਸਦੇ ਪਾਲਣ ਪੋਸ਼ਣ
ਵਿਦਿਆ ਸਿਹਤ
ਉਸਦੇ ਰੋਜ਼ਾਨਾ ਜੀਵਨ
ਦੀਆਂ ਲੋੜਾਂ ਦੀ ਪੂਰਤੀ ਕਰ ਸਕੇ
ਸਮਾਜ ਤੇ ਸ਼ਾਸਨ
ਇਨ੍ਹਾਂ ਸਹੂਲਤਾਂ ਨੂੰ ਦੇਣ ਯੋਗ ਹੋਵੇ
ਜਿੱਥੇ ਰਾਜਨੀਤਕ ਤੇ ਸਮਾਜਕ
ਢਾਂਚਾ
ਉਸ ਲਈ ਸੱਚਾ ਸੁੱਚਾ ਸਾਫ਼ ਸੁਥਰਾ
ਜੀਵਨ ਜਿਉਣ ਦਾ ਸੁੱਖ
ਪ੍ਰਦਾਨ ਕਰ ਸਕੇ
ਉਥੇ ਆਰਥਿਕਤਾ
ਸਿਹਤ ਵਿਭਾਗ ਆਵਾਜਾਈ
ਸੁਰੱਖ਼ਿਆ ਕਾਨੂੰਨ ਵਿਵਸਥਾ
ਪੁਲੀਸ ਨਿਯਮ ਲਾਗੂ
ਕਰਨ ਦੀਆਂ ਵਿਧੀਆਂ
ਮਨੁੱਖ ਅਨੁਕੂਲ ਹੋਣ

ਇਸ ਸਾਰੇ ਸਿਸਟਮ ਦੇ
ਅੰਕੁਰ
ਆਧੁਨਿਕਤਾ 'ਚ ਮੌਜ਼ੂਦ ਹਨ
ਆਧੁਨਿਕਤਾ 'ਚ
ਸਿਆਣਫ਼ ਪ੍ਰਧਾਨ ਗਿਆਨ
ਵਿਗਿਆਨ ਤੇ ਦਰਸ਼ਨ
ਮਨੁੱਖ ਦਾ ਮਾਰਗ ਦਰਸ਼ਨ
ਕਰਦੇ ਹਨ
ਅਜੋਕੀ ਦੁਨੀਆਂ ਦਾ ਮਨੁੱਖ
ਜੋ ਜੰਗਾਂ ਦੁੱਖਾਂ ਤਕਲੀਫ਼ਾਂ
ਭੁੱਖਮਰੀ ਬੇਰੁਜ਼ਗਾਰੀ
ਰਿਸ਼ਵਤਖੋਰੀ ਭਰਿਸ਼ਟਾਚਾਰ
ਚੁੱਪ ਇਕੱਲਤਾ ਉਦਾਸੀ ਤੇ
ਵੀਰਾਨੀ ਦਾ ਸ਼ਿਕਾਰ ਹੈ
ਆਪਣੇ ਆਪ 'ਚ
ਜ਼ੀਰੋ ਹੋ ਗਿਆ ਹੈ
ਆਧੁਨਿਕ ਵਿਚਾਰਧਾਰਾ
ਕਬੂਲਣ ਦੀ
ਆਧੁਨਿਕ ਮਨੁੱਖ ਤੇ
ਸਮਾਜਕ ਸੰਕਲਪ ਨੂੰ ਧਾਰਨ ਦੀ

ਤਾਂ ਕਿ ਉਹ
ਆਧੁਨਿਕ ਸਮਾਜਕ ਸਵੱਰਗ
ਦਾ ਲੁਤਫ਼ ਮਾਣ ਸਕੇ
ਇਸ ਕਿਸਮ ਦੇ ਅਸਲ
ਮਨੁੱਖ ਤੇ ਸਮਾਜ ਦੀਆਂ
ਸੁੱਖਦਾਇਕ ਸਥਿਤੀਆਂ ਤੇ
ਪ੍ਰਸਥਿਤੀਆਂ 'ਚ ਜਿਉਣ ਦਾ
ਅਨੁਭਵ
ਸਮਾਜਕ ਵਿਗਿਆਨੀਆਂ ਨੂੰ
ਆਪਣੇ ਸਵੈ 'ਚ
ਉਤਾਰ ਲੈਣਾ ਚਾਹੀਦਾ ਹੈ
ਤਾਂ ਕਿ ਅਜਿਹੇ
ਆਧੁਨਿਕ ਮਨੁੱਖ ਦੀ ਸਖ਼ਸ਼ੀਅਤ
ਤੇ ਆਧੁਨਿਕ ਸਮਾਜ ਦੀ
ਛਾਂ ਮਾਣੀ ਜਾ ਸਕੇ
ਇਸ ਨੂੰ ਹੋਰ ਸੰਭਵ ਤੇ
ਨਿਕਟਵਰਤੀ ਸਮੇਂ 'ਚ
ਸੰਕਲਪ ਤੋਂ ਵਿਸਥਾਰ ਸਥਾਪਤੀ
ਵੱਲ ਤੋਰਨ ਲਈ
ਸਮਾਜਕ ਵਿਗਿਆਨੀ
ਆਪਣਾ ਯੋਗਦਾਨ ਪਾ ਸਕਦੇ ਹਨ
ਉਹ ਸਾਹਿਤ ਰਾਹੀਂ ਟੀ.ਵੀ. ਰਾਹੀਂ
ਰੇਡੀਓ ਰਾਹੀਂ ਕੰਪਿਊਟਰ ਰਾਹੀਂ
ਇਸ਼ਤਿਹਾਰਾਂ ਰਾਹੀਂ

ਮਸ਼ਹੂਰੀਆਂ ਰਾਹੀਂ
ਆਧੁਨਿਕ ਮਨੁੱਖ ਤੇ ਸਮਾਜ
ਦਾ ਸੰਕਲਪ
ਵਿਸ਼ਵ ਪੱਧਰ ਤੇ ਪ੍ਰਗਟਾਅ ਸਕਦੇ ਹਨ
ਤਾਂ ਕਿ
ਮਨੁੱਖਤਾ ਇਸ ਤੋਂ ਜਾਣੂ ਹੋ ਸਕੇ
ਬੇਹਤਰ ਹੈ
ਸਮਾਜਕ ਵਿਗਿਆਨੀ
ਧਰਮ ਪ੍ਰਚਾਰ ਵਾਂਗ
ਆਪਣੀਆਂ ਸਾਰੀਆਂ
ਸਹੂਲਤਾਂ ਤੇ ਵਿਧੀਆਂ ਤੇ
ਰਾਹ ਅਪਣਾ ਕੇ
ਆਧੁਨਿਕ-ਬੋਧ ਦੀ
ਸੋਚ ਵਿਚਾਰ ਵਜ਼ੂਦ ਤੇ ਹੋਂਦ ਦਾ
ਪ੍ਰਚਾਰ ਸਾਰੇ ਵਿਸ਼ਵ 'ਚ ਕਰਨ
ਜਿੱਥੇ ਆਮ ਮਨੁੱਖ ਨੇ
ਜਾਗਰੂਪ ਹੋਣਾ ਹੈ
ਉਥੇ ਸਮਾਜਕ ਵਿਗਿਆਨੀਆਂ ਦਾ
ਫਰਜ਼ ਹੈ

ਕਿ ਉਹ ਆਪ ਮਨੁੱਖ ਨੂੰ
ਇਸ ਪ੍ਰਤੀ ਜਾਗਰੂਪ ਕਰਨ
ਵਿਦਿਅਕ ਢਾਂਚੇ 'ਚ
ਜਿਥੇ ਗਿਆਨ ਦਾ ਪ੍ਰਸਾਰ ਹੈ
ਉਸ ਵਿਚ .
ਸਿਆਣਫ਼ ਦੀ ਸ਼ਾਮੂਲੀਅਤ
ਮਨੁੱਖ ਨੂੰ ਗਿਆਨਵਾਨ ਹੋਣ ਦੇ
ਨਾਨ ਨਾਲ
ਸਿਆਣਾ ਵੀ ਬਣਾ ਸਕਦੀ ਹੈ
ਕਿਉਂਕਿ ਆਧੁਨਿਕ ਸਮਾਜ 'ਚ
ਆਧੁਨਿਕ ਮਨੁੱਖ ਵਾਂਗ
ਜਿਉਣ ਦਾ ਉਹ ਮਜ਼ਾ ਹੈ
ਜੋ ਗੁਰਬਾਣੀ ਫੁਰਮਾਉਂਦੀ ਹੈ
"ਨਾਮ ਖੁਮਾਰੀ ਨਾਨਕਾ
ਚੜ੍ਹੀ ਰਹੇ ਦਿਨ ਰਾਤ"
ਜਿੰਨਾ ਨਸ਼ਾ ਪਿਆਰ
ਕਰਨ 'ਚ ਹੈ
ਓਨਾ ਨਸ਼ਾਂ ਹੀ
ਆਧੁਨਿਕ ਸਮਾਜ 'ਚ
ਜਿਉਣ ਦਾ ਹੈ

ਜਿਸ 'ਚ
ਮਨੁੱਖ ਆਪਣੀ ਸੁਤੰਤਰਤਾ
ਆਪਣਾ ਖੁੱਲ੍ਹਾਪਣ
ਆਪਣੀ ਅਕਾਰਰਹਿਤਤਾ
ਮਹਿਸੂਸ ਕਰਦਾ ਹੈ।

0 0 0

# ਆਧੁਨਿਕ
# ਵਿਸ਼ਵ

ਆਧੁਨਿਕਤਾ ਨੇ
ਜੋ ਆਧੁਨਿਕ ਮਨੁੱਖ
ਤੇ ਸਮਾਜ ਦਾ ਬੀਜ
ਬੀਜਿਆ ਸੀ
ਉਹ ਆਧੁਨਿਕ ਵਿਸ਼ਵ
ਦੀ ਧਰਤੀ ਤੇ ਉੱਗ ਆਇਆ ਹੈ
ਇਸ ਵਿਚਲਾ ਰੁੱਖ
ਫੈਲਿਆ ਵਿਕਸਤ ਹੋਇਆ
ਫੁੱਲ ਪੱਤੀਆਂ ਟਹਿਣੀਆਂ
ਫੱਲਾਂ ਨਾਲ ਭਰਿਆ ਹੈ
ਬੀਜ ਤੋਂ ਰੁੱਖ ਦੇ ਸਫ਼ਰ ਤਕ
ਇਸ ਅੱਗ ਦਾ
ਦਰਿਆ ਤਰਿਆ ਹੈ
ਸਮਿਆਂ ਦਾ ਸੰਘਰਸ਼
ਤੇ ਮੁਸ਼ੱਕਤ
ਆਪਣੇ ਪਿੰਡੇ ਤੇ ਹੰਢਾਈ ਹੈ
ਆਧੁਨਿਕ ਮਨੁੱਖ ਨੇ
ਧਰਤ ਦੇ ਥਾਲ 'ਚ
ਨੂਰ ਦੀ ਦੁਨੀਆਂ ਵਸਾਈ ਹੈ
ਪਿਆਰ ਦੇ ਸੂਰਜ ਉੱਗਾਏ ਹਨ

ਨੇਕੀ ਦੀਆਂ ਕਿਰਨਾਂ ਦੀ
ਝੜੀ ਲਾਈ ਹੈ
ਸਰਬੱਤ ਦੇ ਭਲੇ ਦਾ ਸ਼ਬਦ
ਅੰਬਰ 'ਚ ਗੂੰਜਦਾ ਹੈ
ਧਰਤ ਦੇ ਥਾਲ 'ਚ
ਤਿਆਗ ਦੀ ਛਹਿਬਰ
ਲਾਈ ਹੈ
ਦਯਾ ਦੀ ਫੁੱਲਕਾਰੀ
ਧਰਤ ਨੇ ਓੜੀ ਹੈ
ਬਰਾਬਰਤਾ ਦੀ ਰੌਸ਼ਨੀ
ਨੈਣੀ ਉਤਾਰੀ ਹੈ
ਸੱਚ ਸੁੰਦਰਤਾ ਕਲਿਆਣ ਦਾ
ਰੂਪ ਹੈ ਧਰਤੀ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਦੀ ਬਾਣੀ ਉਚਾਰੀ ਹੈ
ਸ਼ੁੱਧ ਸਾਫ਼ ਪ੍ਰਵਿਰਤੀਆਂ ਦੀ
ਬਰਾਤ
ਧਰਤੀ ਵਿਹੜੇ ਆਈ ਹੈ
ਧਰਤ ਦੀ ਸਾਰੀ ਕਾਰਜ ਪ੍ਰਣਾਲੀ
ਰੰਗਾਂ ਖੁਸ਼ਬੂਆਂ ਨਾਲ
ਮਹਿਕੀ ਹੈ

ਆਧੁਨਿਕ ਮਨੁੱਖ ਦੇ ਸਦਕਾ
ਧਰਤੀ ਤੇ
ਬਹਾਰ ਆਈ ਹੈ
ਇਹ ਅੰਬਰੀ ਸਵਰਗ ਨ੍ਹਹੀਂ
ਜੋ ਮਨੁੱਖ ਨੇ
ਧਰਤੀ ਤੇ ਉਤਾਰਿਆ ਹੈ
ਇਸ ਦਾ ਰੰਗ ਰੂਪ
ਅੰਗ ਨਕਸ਼ ਚਿਹਰਾ ਤੇ ਹੋਂਦ
ਆਧੁਨਿਕ ਮਨੁੱਖ
ਤੇ ਸਮਾਜ ਨੇ
ਆਪਣੇ ਲਹੂ ਚੋਂ
ਉਸਾਰਿਆ ਹੈ
ਇਹ ਚੰਨਾਂ ਸੂਰਜਾਂ
ਤਾਰਿਆਂ ਦੀ ਝਿਲਮਿਲ
ਕਰਦੀ ਰੌਸ਼ਨੀ
ਆਧੁਨਿਕ ਮਨੁੱਖ ਤੇ
ਸਮਾਜ ਦੇ ਸੰਘਰਸ਼ ਚੋਂ
ਪੁੰਗਰੀ ਹੈ
ਜਿਸ ਨੇ ਧਰਤ
ਦੁਲਹਨ ਵਾਂਗ ਸਜਾਈ ਹੈ
ਇਹ ਰਿਜ਼ਕ

ਇਹ ਦੌਲਤਾਂ
ਇਹ ਨਿਹਮਤਾਂ ਤੇ ਰਹਿਮਤਾਂ
ਆਧੁਨਿਕ ਮਨੁੱਖ ਦੇ
ਖ਼ੂਨ ਪਸੀਨੇ ਦੀ ਕਮਾਈ ਹੈ
ਇਹ ਧਰਤੀ
ਪਰੀ ਹੁਸਨਾਂ ਦੀ
ਕਈ ਅੰਬਰ ਘੁੰਮ ਕੇ ਆਈ ਹੈ
ਕਈ ਸਾਗਰ ਤਰ ਕੇ ਆਈ ਹੈ
ਬੜੇ ਕੰਡੇ ਸਨ
ਇਸਦੇ ਪੈਰਾਂ 'ਚ
ਜੋ ਹੁਣ ਬਣ ਸੰਵਰ ਕੇ ਆਈ ਹੈ
ਇਹ ਜੋਬਨ ਇਹ ਰੰਗ ਰੂਪ
ਇਹ ਸੋਹਣੀ ਸੂਰਤ
ਇਹ ਹੁਸਨ ਧਰਤੀ ਦਾ
ਆਧੁਨਿਕ ਮਨੁੱਖ ਤੇ ਸਮਾਜ ਨੇ
ਆਪਣੀ ਜੀਵਨ ਪ੍ਰਣਾਲੀ ਚੋਂ
ਉੱਗਾਇਆ ਹੈ
ਕਈਆਂ ਯੁੱਗਾਂ ਦੇ ਦਮਾਂ ਦਾ
ਇਸ ਦੀ ਸੁੰਦਰਤਾ ਨੂੰ
ਅਰਘਾ ਚੜ੍ਹਾਇਆ ਹੈ

ਇਹ ਨਮੂਨਾ ਕਲਾਕ੍ਰਿਤ ਦਾ
ਰਾਗ ਸੁਰ ਅਲਾਪ ਦਾ
ਕੁਦਰਤ ਤੇ ਕੁਦਰਤ ਦੇ ਸਾਜ਼ ਦਾ
ਆਧੁਨਿਕ ਮਨੁੱਖ ਨੇ
ਵਿਹਲੇ ਬਹਿ ਕੇ ਬਣਾਇਆ ਹੈ
ਇਸਦੀ ਦੇਹ 'ਚ
ਇਸਦੀ ਰੂਹ 'ਚ
ਆਧੁਨਿਕ ਮਨੁੱਖ ਦੀ
ਸੱਚੀ ਜੋਤ ਤੇ
ਮਨੁੱਖਤਾ ਦੀ ਪਰਮ ਜੋਤ ਦਾ
ਨੂਰ ਸਮਾਇਆ ਹੈ
ਤਾਂ ਹੀ ਤਾਂ
ਇਸ ਦਾ ਪਿੰਡਾ ਜਗਦਾ ਹੈ
ਜੋ ਰੱਬ ਵੇਖਿਆ ਨਹੀਂ
ਮਨੁੱਖ ਨੇ
ਇਸਦੇ ਨੈਣੀਂ ਵਸ ਗਿਆ
ਲੱਗਦਾ ਹੈ
ਇਹ ਹੀਰੇ ਜਵਾਹਰਾਤਾਂ
ਲਾਲਾਂ ਮੋਤੀਆਂ ਦਾ ਰੂਪ ਹੈ
ਇਹ ਧਰਤੀ ਦਾ ਆਪਣਾ

ਆਧੁਨਿਕ ਮਨੁੱਖ
ਤੇ ਸਮਾਜ ਦਾ ਸਰੂਪ ਹੈ
ਇਹ ਜਿਉਂਦੀ ਜਾਗਦੀ
ਤਸਵੀਰ ਮਨੁੱਖਤਾ ਦੀ
ਇਹ ਵੇਖਦੀ ਤੇ ਮੂੰਹੋਂ ਬੋਲਦੀ
ਤਕਦੀਰ ਮਨੁੱਖਤਾ ਦੀ
ਜਿਸ ਨੂੰ
ਆਧੁਨਿਕ ਮਨੁੱਖ
ਤੇ ਮਨੁੱਖਤਾ ਨੇ ਹੰਢਾਇਆ ਹੈ
ਇਹ ਪੁਤਲਾ ਮੋਮ ਦਾ
ਸੱਚ ਦਾ ਸੱਚ
ਸੁੰਦਰਤਾ ਦਾ ਸੁੰਦਰਤਾ
ਕਲਿਆਣ ਦਾ ਕਲਿਆਣ
ਆਧੁਨਿਕ ਮਨੁੱਖ ਦੇ
ਅੰਬਰੋਂ
ਮਾਨਵਤਾ ਦੇ ਵਿਹੜੇ
ਉਤਰ ਆਇਆ ਹੈ
ਇਹਦੀ ਸੁਗੰਧ ਫੈਲੀ ਹੈ
ਅੰਬਰਾਂ ਤੇ ਬ੍ਰਹਿਮੰਡਾਂ 'ਚ
ਰੱਬ.ਇਹਦੀ ਕੁੱਖ 'ਚ
ਸਮਾਇਆ ਹੈ

ਇਸਨੂੰ ਪੂਜਦੀ ਹੈ
ਕਾਇਨਾਤ ਸਾਰੀ
ਆਧੁਨਿਕ ਮਨੁੱਖ ਤੇ
ਮਨੁੱਖਤਾ ਨੇ ਇਸ ਨੂੰ
ਸਿਮਰਿਆ ਹੈ ਧਿਆਇਆ ਹੈ
ਇਹ ਮਿੱਟੀ ਨਹੀਂ
ਆਧੁਨਿਕ ਮਨੁੱਖ ਨੇ
ਇਸਨੂੰ ਮਮਤਾ ਦਾ ਰੱਬ
ਬਣਾਇਆ ਹੈ
ਇਸ ਵਿਚ ਪਿਆਰ ਦਾ
ਪੂਰਾ ਵਗਦਾ ਹੈ
ਪਿਆਰ ਦੇ ਨੂਰ 'ਚ
ਮਨੁੱਖ ਨੂੰ ਮਨੁੱਖ ਆਪਣਾ
ਤੇ ਪਿਆਰਾ ਲਗਦਾ ਹੈ
ਆਧੁਨਿਕ ਮਨੁੱਖੀ ਸਮਾਜ
ਇਸ ਪਿਆਰ ਦੇ ਪੂਰੇ ਦਾ
ਸਾਹ ਭਰਦਾ ਹੈ
ਮੁਰਦਿਆਂ 'ਚ ਜ਼ਿੰਦਗੀ
ਕਬਰਾਂ 'ਚ ਰੌਣਕਾਂ ਧਰਦਾ ਹੈ
ਇਹ ਸਾਂਝ ਪਿਆਰ ਦੀ

ਮਨੁੱਖ ਤੇ ਮਨੁੱਖਤਾ 'ਚ
ਤੁਰਦੀ ਹੈ
ਚਾਨਣ ਬੀਜਦੀ ਹੈ
ਹਨ੍ਹੇਰੇ ਦੂਰ ਕਰਦੀ ਹੈ
ਇਸ ਪਿਆਰ ਦੇ ਰਾਹ ਤੇ
ਆਧੁਨਿਕ ਮਨੁੱਖ ਨੇ
ਆਪਣਾ ਸਵੈ ਪਾਇਆ ਹੈ
ਇਸ ਪਿਆਰ ਦੇ ਰਾਹ ਤੇ
ਮਨੁੱਖ ਦਾ ਸਵੈ
ਮਨੁੱਖਤਾ ਦੀ ਪਰਮ ਜੋਤ 'ਚ
ਸਮਾਇਆ ਹੈ
ਜੋ ਇਸ ਰਾਹ ਤੇ ਚਲਿਆ ਹੈ
ਉਸ ਰੱਬ ਪਾਇਆ ਹੈ
ਇਹ ਸੱਚ ਬਾਣੀ ਨੇ
ਫੁਰਮਾਇਆ ਹੈ
ਇਸ ਰਾਹ ਤੇ ਤੁਰਨ ਲਈ
ਕਬਰਾਂ ਦੇ ਮੁਰਦੇ ਵੀ
ਜੀਵਨ 'ਚ ਪਰਤ ਆਏ ਹਨ
ਇਸ ਪਿਆਰ ਦੇ ਜਜ਼ਬੇ 'ਚ
ਦੁਨੀਆਂ ਦੇ ਸਾਰੇ
ਸੁੱਖ ਸੰਮਾਏ ਹਨ
ਇਸ ਪਿਆਰ ਕਾਰਨ ਹੀ
ਮਨੁੱਖ ਮਨੁੱਖ ਨੂੰ ਚੰਗਾ
ਚੰਗਾ ਲੱਗਦਾ ਹੈ

ਇਸ਼ ਪਿਆਰ ਖ਼ਾਤਿਰ ਹੀ
ਖਾਰਿਆਂ ਖੂਹਾਂ ਦਾ ਪਾਣੀ
ਅੰਮ੍ਰਿਤ ਹੋ ਕੇ ਵਗਦਾ ਹੈ
ਇਸ ਪਿਆਰ
ਰੰਗ ਨਸਲ ਜਾਤ ਪਾਤ ਨੂੰ
ਲਹੂ ਦਾ ਨਾਮ ਦਿੰਦਾ ਹੈ
ਸ਼ਾਮ ਨੂੰ ਸੁਭ੍ਹਾ ਦਿੰਦਾ ਹੈ
ਸੁਭ੍ਹਾ ਨੂੰ ਸ਼ਾਮ ਦਿੰਦਾ ਹੈ
ਪ੍ਰਕਿਰਤੀ 'ਚ ਕਾਰੋਬਾਰ ਦੀ
ਇਹ ਸੰਚਾਲਕ ਸ਼ਕਤੀ ਹੈ
ਇਸ ਪਿਆਰ 'ਚ
ਓਪਰਾ ਪਰਾਇਆ
ਆਪਣੇ ਲਹੂ ਚੋਂ
ਜਨਮਿਆ ਲਗਦਾ ਹੈ
ਸਤਿਗੁਰਾਂ ਦੀ ਬਾਣੀ ਦਾ
ਇਹ ਮੂਲ ਆਧਾਰ ਹੈ
"ਜਿੰਨ ਪ੍ਰੇਮ ਕੀਓ
ਤਿੰਨ ਹੀ ਪ੍ਰਭੁ ਪਾਇਓ"
ਇਹ ਪਿਆਰ ਦੀ
ਸੀਰਤ ਸੂਰਤ ਤੇ ਜ਼ਮੀਰ ਹੈ
ਪਿਆਰ ਹੀ ਰੱਬ ਦੀ
ਤਸਵੀਰ ਹੈ

ਇਹ ਜੀਵਨ ਦਾ
ਉਹ ਮੂਲ ਜਜ਼ਬਾ ਹੈ
ਜਿਸ 'ਚ ਜੀਵਨ ਦਾ
ਸੱਚ ਵਸਦਾ ਹੈ
ਜੀਵਨ ਗਤੀਸ਼ੀਲ ਰਹਿੰਦਾ ਹੈ
ਜੀਵਨ ਦਾ ਸਾਹ ਚਲਦਾ ਹੈ
ਇਹ ਜਿਸ ਵੀ
ਭਾਂਡੇ 'ਚ ਪੈਂਦਾ ਹੈ
ਮਿੱਟੀ ਤੋਂ ਸੋਨਾ ਕਰਦਾ ਹੈ
ਇਹ ਅੱਗਣ ਦੇ
ਸਾਗਰ ਠਾਰ ਦਿੰਦਾ ਹੈ
ਸਹਿਰਾ 'ਚ
ਹਰਿਆਵਲਾਂ ਉਤਾਰ ਦਿੰਦਾ ਹੈ
ਰੁੱਖਾਂ ਨੂੰ ਤੋਰ ਦਿੰਦਾ ਹੈ
ਇਹ ਪਿਆਰ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ 'ਚ ਸਮਾਇਆ ਹੈ
ਇਸਦੀ ਰੌਸ਼ਨੀ ਨੇ
ਜ਼ਰੇ ਨੂੰ ਪਹਾੜ
ਰੁੱਖ ਨੂੰ ਜੰਗਲ ਬਣਾਇਆ ਹੈ

ਬੂੰਦ ਨੂੰ ਸਾਗਰ ਦਾ ਰੂਪ
ਦਿੱਤਾ ਹੈ
ਕਿਰਨ ਨੂੰ ਸੂਰਜ ਬਣਾਇਆ ਹੈ
ਇਸ ਪਿਆਰ ਦਾ ਨੂਰ
ਜਦ ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ 'ਚ
ਉਤਰ ਜਾਂਦਾ ਹੈ
ਆਪਣੇ 'ਚ ਸਭ ਨੂੰ ਪਰੋਂਦਾ ਹੈ
ਸੂਰਜਾਂ ਨੂੰ
ਹੋਰ ਤੇਜ਼ ਬਖ਼ਸ਼ਦਾ ਹੈ
ਕਾਲਖਾਂ ਦੇ ਮੂੰਹ
ਧੋਂਦਾ ਹੈ
ਖਲੋਤੇ ਪਲਾਂ ਨੂੰ
ਸਮੇਂ ਦੀ ਨਿਰੰਤਰਤਾ 'ਚ
ਢਾਲਦਾ ਹੈ
ਉਹ ਮਰ ਕੇ ਵੀ ਜਿਉਂਦਾ ਹੈ
ਪਿਆਰ ਜਿਸ 'ਚ
ਆਪਣੀ ਜੋਤ ਬਾਲਦਾ ਹੈ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦਾ
ਸਵਾਸ ਪਿਆਰ ਹੈ

ਵਿਸ਼ਵ ਦਾ ਕਾਰੋਬਾਰ
ਵਿਸ਼ਵ ਦੀ ਰਾਸ ਪਿਆਰ ਹੈ
ਪਿਆਰ ਦੀ ਜੋਤ
ਮਨੁੱਖ ਤੋਂ ਮਨੁੱਖਤਾ 'ਚ ਜਗਦੀ ਹੈ
ਪਿਆਰ ਦੀ ਜੀਵਨ ਨਦੀ
ਆਧੁਨਿਕ ਵਿਸ਼ਵ 'ਚ
ਵਗਦੀ ਹੈ
ਅਪਣੱਤ ਦੇ ਮੌਸਮ ਬਹਾਰਾਂ
ਦੀ ਬਹਾਰ ਹੈ
ਆਧੁਨਿਕ ਵਿਸ਼ਵ
ਪਿਆਰ ਦੀ ਖਿੜੀ ਗੁਲਜ਼ਾਰ ਹੈ

0 0 0

ਤਿਆਗ ਦੀ ਖ਼ੁਸ਼ਬੂ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਚੋਂ ਆਉਂਦੀ ਹੈ
ਇਨ੍ਹਾਂ 'ਚ ਵਸਦੀ ਹੈ
ਇਨਸਾਨ ਨੂੰ ਇਨਸਾਨ
ਦਾ ਸੱਚ ਦੱਸਦੀ ਹੈ
ਰੁੱਖਾਂ ਦੇ ਅਮਰ ਜੀਵਨ ਦਾ
ਤਿਆਗ ਸੱਚ ਹੈ
ਰੁੱਖ ਫੁੱਲ ਫੱਲ ਦਿੰਦਾ ਹੈ
ਪੱਥਰ ਸਹਾਰਦਾ ਹੈ
ਪੱਥਰ ਮਾਰਨ ਵਾਲੇ ਦਿਲ 'ਚ ਵੀ
ਤਿਆਗ ਦੀ ਜੋਤ
ਬਾਲਦਾ ਹੈ
ਜੀਵਨ ਚੋਂ ਮੌਤ ਸੀਕਦਾ ਹੈ
ਮੌਤ 'ਚ ਜੀਵਨ
ਉਤਾਰਦਾ ਹੈ
ਆਪਣੇ ਜੀਵਨ ਦਾ
ਤਿਆਗ ਕਰਦਾ ਹੈ
ਜਿਸਦੇ ਫਲਸਰੂਪ
ਰੁੱਖ ਇਕ ਵਾਰ ਜਨਮ ਕੇ

ਕਦੀ ਨਹੀਂ ਮਰਦਾ
ਮਰਨ ਤੋਂ ਪਹਿਲਾਂ
ਆਪਣੇ ਬੀਜ਼ ਚੋਂ
ਉੱਗ ਆਉਂਦਾ ਹੈ
ਆਪਣੀ ਸ਼ੋਭਾ
ਜੀਉਂਦੇ ਜ਼ੀਅ ਹੰਢਾਉਂਦਾ ਹੈ
ਰੁੱਖ ਤਿਆਗ ਦਾ ਦੀਵਾਨਾ ਹੈ
ਇਸ ਲਈ
ਸੁੱਖਾਂ ਦਾ ਖਜ਼ਾਨਾ ਹੈ
ਸੀਮਤ ਰਹਿੰਦਾ ਹੈ
ਸੰਜਮ ਸੰਤੋਖ 'ਚ ਰਹਿੰਦਾ ਹੈ
ਸਬਰ ਸੰਤੁਲਨ 'ਚ
ਰਹਿੰਦਾ ਹੈ
ਤਿਆਗੀ
ਹਮੇਸ਼ਾ ਹੀ ਆਪਣੇ
ਸਵੈ ਸੱਚ ਕੋਲ ਰਹਿੰਦਾ ਹੈ
ਆਧੁਨਿਕ ਮਨੁੱਖ
ਰੁੱਖਾਂ ਦੀ ਜੀਰਾਂਦ ਹੈ
ਸੱਚ ਜਿਉਂਦਾ ਹੈ
ਸੱਚ ਹੀ ਉਸ ਦਾ ਬੋਲ ਹੈ
ਸੱਚ ਹੀ ਉਸਦੇ ਕੋਲ ਹੈ

ਲਾਲਚ ਦੁੱਖਾਂ ਦਾ ਘਰ ਹੈ
ਮਨੁੱਖ ਲਈ ਸਰਾਪ ਦਾ ਵਰ ਹੈ
ਲਾਲਚੀ ਮਨੁੱਖ
ਆਪਣੇ ਦੁਆਲੇ
ਦੁੱਖ ਬੀਜਦਾ ਹੈ
ਜੀਵਨ ਨੂੰ
ਕੰਡਿਆਂ ਤੇ ਤੋਰਦਾ ਹੈ
ਮੌਤ ਵੱਲ ਮੋੜਦਾ ਹੈ
ਤਿਆਗ ਭਲਾਈ ਦਾ ਸੋਮਾ ਹੈ
ਭਲਾਈ ਇਕ
ਉੱਚਾ ਕਰਮ ਹੈ
ਮਨੁੱਖੀ ਸਵੈ ਦਾ ਧਰਮ ਹੈ
ਸਵੈ ਮਨੁੱਖ ਦਾ
ਉਹ ਸੱਚ ਹੈ
ਜੋ ਜਨਮ ਰਹਿਤ ਹੈ
ਮਰਨ ਰਹਿਤ ਹੈ
ਐਸੇ ਸੱਚ ਨੂੰ ਜਾਨਣ ਵਾਲਾ
ਤਿਆਗੀ ਹੈ
ਵੱਡਭਾਗੀ ਹੈ
ਉਹ ਰਹਿਮ ਦਯਾ ਦਾ
ਸਾਗਰ ਹੈ
ਉਸ 'ਚ ਮਨੁੱਖ ਤੇ ਮਨੁੱਖਤਾ ਦਾ

ਸੱਚ ਉਜਾਗਰ ਹੈ
ਆਧੁਨਿਕ ਮਨੁੱਖ
ਤਿਆਗ ਦਾ ਪ੍ਰਤੀਕ ਹੈ
ਇਸ ਤਿਆਗ ਦੇ ਜ਼ਰੀਹੇ ਹੀ
ਮਨੁੱਖ
ਮਨੁੱਖ ਤੇ ਮਨੁੱਖਤਾ ਦੇ
ਕਰੀਬ ਹੈ
ਆਪਣਾ ਲਾਲਚ ਤਿਆਗ ਕੇ
ਦੂਜੇ ਨੂੰ
ਆਪਣਾ ਬਨਾਉਣਾ
ਮਨੁੱਖ ਦਾ ਮਨੁੱਖਤਾ ਦਾ ਹੋ ਜਾਣਾ
ਤਿਆਗੀ ਦਾ ਕਰਮ ਹੈ
ਧਰਮ ਹੈ
ਤਿਆਗੀ
ਪ੍ਰਕਿਰਤੀ ਤੇ ਮਨੁੱਖਤਾ ਨੂੰ
ਨਿਰਮਲ ਕਰਦਾ ਹੈ
ਉਸ ਦੀ ਮੈਲ ਧੋਂਦਾ ਹੈ
ਉਸ 'ਚ ਸੱਚ ਸੁੰਦਰਤਾ
ਕਲਿਆਣਾ ਧਰਦਾ ਹੈ
ਤਿਆਗੀ ਮਨੁੱਖ ਦੇ
ਸਾਹਾਂ 'ਚ ਜੀਉਂਦਾ ਹੈ

ਜੀਵਨ 'ਚ
ਅੰਮ੍ਰਿਤ ਘੋਲਦਾ ਹੈ
ਜੀਵਨ ਦਾ ਜ਼ਹਿਰ ਪੀਂਦਾ ਹੈ
ਤਿਆਗੀ
ਮਨੁੱਖ ਮਨੁੱਖ 'ਚ
ਦੀਵਾਰਾਂ ਨਹੀਂ ਉਸਾਰਦਾ
ਸਗੋਂ ਦੀਵਾਰਾਂ ਢਾਹੁੰਦਾ ਹੈ
ਵਿਹੜੇ ਖੁੱਲ੍ਹੇ ਕਰਦਾ
ਦੂਜੇ ਦਾ ਸੁੱਖ ਹੰਢਾਉਂਦਾ ਹੈ
ਦੂਜੇ ਦੇ ਦੁੱਖ 'ਚ ਮਰਦਾ ਹੈ
ਚੁੱਲ੍ਹਿਆਂ 'ਚ ਅੱਗਾਂ ਧਰਦਾ ਹੈ
ਭੁੱਖਿਆਂ ਦੇ ਪੇਟ ਭਰਦਾ ਹੈ
ਤਿਆਗ
ਆਧੁਨਿਕ ਮਨੁੱਖ ਮਨੁੱਖਤਾ
ਤੇ ਵਿਸ਼ਵ ਦੀ
ਬੁਨਿਆਦ ਹੈ
ਵਿਸ਼ਵ ਤੇ ਸਮਾਜ
ਇਸ ਤਿਆਗੀ ਭਾਵਨਾ
ਕਾਰਨ ਹੀ ਖੁਸ਼ਹਾਲ ਹੈ
ਆਬਾਦ ਹੈ
ਲਾਲਚੀ ਮਨੁੱਖ

ਆਪਣੇ ਚਾਨਣ ਲਈ
ਦੂਜਿਆਂ ਦੇ ਘਰੀਂ ਹਨ੍ਹੇਰੇ
ਕਰਦਾ ਹੈ
ਆਪਣਾ ਪੇਟ ਪਾਲਣ ਲਈ
ਦੂਜੇ ਦੇ ਵਿਹੜੇ
ਭੁੱਖਾਂ ਧਰਦਾ ਹੈ
ਪਾਪ ਜ਼ੁਲਮ ਤੇ ਅਨਿਆਂਏ ਨੂੰ
ਜਨਮ ਦਿੰਦਾ ਹੈ
ਆਪਣੇ ਸਵੈ ਸੱਚ ਤੋਂ
ਹਮੇਸ਼ਾਂ ਅਨਜਾਣ ਰਹਿੰਦਾ ਹੈ
ਲਾਲਚ ਲਈ
ਕਬਰਾਂ ਦੇ ਰਾਹ ਪੈਂਦਾ ਹੈ
ਤਿਆਗੀ ਮਨੁੱਖ
ਸਮਾਜ ਨੂੰ ਖੁਸ਼ੀ ਰੰਗ ਰੌਣਕਾਂ
ਖੁਸ਼ਬੂਆਂ ਖੇੜਾ
ਪ੍ਰਦਾਨ ਕਰਦਾ ਹੈ
ਮਨੁੱਖ ਦਾ ਦੁੱਖ ਹਰਦਾ ਹੈ
ਮਨੁੱਖਤਾ ਦਾ ਸਨਮਾਨ
ਕਰਦਾ ਹੈ
ਆਧੁਨਿਕ ਮਨੁੱਖ
ਤੇ ਸਮਾਜ 'ਚ ਤਿਆਗ ਦੀ
ਭਾਵਨਾ

ਵਿਸ਼ਵ ਨੂੰ ਚੜ੍ਹਦੀ ਕਲਾ 'ਚ
ਰੱਖਦੀ ਹੈ
ਸਮਾਜ ਦੀ ਤਲੀ ਤੇ
ਅਰੋਗਤਾ ਸੁਰੱਖ਼ਸ਼ਾ ਧਰਦੀ ਹੈ
ਆਧੁਨਿਕ ਮਨੁੱਖ ਤੇ ਸਮਾਜ 'ਚ
ਬਰਾਬਰਤਾ ਦੀ ਜੋਤ ਜਗਦੀ ਹੈ
ਤਿਆਗੀ ਪ੍ਰਵਿਰਤੀ
ਵਿਸ਼ਵ ਦਾ ਭਵਿੱਖ ਨਿਖਾਰਦੀ ਹੈ
ਮਨੁੱਖ ਸਮਾਜ ਤੇ ਮਨੁੱਖਤਾ 'ਚ
ਨਿਆਂਏ ਦੇ ਸੂਰਜ
ਉਤਾਰਦੀ ਹੈ
ਤਿਆਗ ਵਿਸ਼ਵ ਦੀ ਤਲੀ ਤੇ
ਧਰਤੀ ਮਹਿਕ ਤੇ
ਨਿਰਮਲ ਅਸਮਾਨ ਧਰਦਾ ਹੈ
ਅੰਬਰ ਨੂੰ ਸੋਨੇ 'ਚ ਮੜ੍ਹਦਾ ਹੈ
ਧਰਤੀ ਕਲੀ ਕਰਦਾ ਹੈ
ਆਧੁਨਿਕ ਮਨੁੱਖ ਤੇ ਸਮਾਜ ਦਾ
ਤਿਆਗ ਪ੍ਰਾਣ ਹੈ
ਆਧੁਨਿਕ ਵਿਸ਼ਵ ਦਾ ਲਹੂ ਹੈ
ਜਾਨ ਹੈ।

0 0 0

ਆਧੁਨਿਕ ਵਿਸ਼ਵ 'ਚ
ਨਾ ਕੋਈ ਉੱਚਾ ਹੈ ਨਾ ਨੀਵਾਂ ਹੈ
ਸਭ ਇਕੋ ਜਿਹੇ ਹਨ
ਨਾ ਕੋਈ ਦੁਸ਼ਮਣ
ਨਾ ਬੇਗਾਨਾ
ਸਭ ਆਪਣੇ ਜਿਹੇ ਹਨ
ਇਕ ਚੰਗਾ ਮਾਲੀ
ਆਪਣੇ ਗੁਲਜ਼ਾਰ ਦੇ
ਵੱਖ ਵੱਖ ਰੰਗਾਂ ਦੇ
ਵੱਖ ਵੱਖ ਹਾਸ਼ਿਆਂ ਦੇ
ਵੱਖ ਵੱਖ ਸੰਗਾਂ ਦੇ ਛੋਟੇ ਵੱਡੇ ਫੁੱਲ
ਇਕ ਨਜ਼ਰ ਨਾਲ
ਵੇਖਦਾ ਹੈ
ਉਹ ਕੰਡਿਆਂ ਲਈ ਵੀ
ਉਹ ਨਜ਼ਰ ਰੱਖਦਾ ਹੈ
ਜਿਸ ਨਜ਼ਰ ਨਾਲ
ਫੁੱਲਾਂ ਨੂੰ ਤੱਕਦਾ ਹੈ
ਆਧੁਨਿਕ ਸਮਾਜ ਤੇ
ਵਿਸ਼ਵ 'ਚ
ਵੱਖ ਵੱਖ ਰੰਗਾਂ ਨਸਲਾਂ
ਜਾਤਾਂ ਪਾਤਾਂ ਨਹੀਂ
ਸਗੋਂ ਲਹੂ ਦੀ ਏਕਤਾ ਹੈ

ਜਿਸ ਨਜ਼ਰ ਨਾਲ
ਆਪਣੇ ਆਪ ਨੂੰ ਵੇਖਣਾ ਹੈ
ਉਸੇ ਨਜ਼ਰ ਨਾਲ
ਦੂਜੇ ਨੂੰ ਵੇਖਣਾ ਹੈ
ਆਪਣੇ ਆਪ ਜਿਹਾ
ਦੂਜੇ ਨੂੰ ਸਮਝਣਾ ਹੈ
ਅਸਲ ਮਨੁੱਖਤ਼ਾ ਦੀ ਇਹ
ਸੇਵਾ ਹੈ
ਆਧੁਨਿਕ ਮਨੁੱਖ ਤੇ
ਸਮਾਜ ਦੀ ਸੋਚ ਦਾ
ਇਹ ਮਿੱਠਾ ਮੇਵਾ ਹੈ
ਕਿਸੇ ਨਾਲ ਨਫ਼ਰਤ ਨਹੀਂ
ਵੈਰ ਨਹੀਂ ਵਿਰੋਧ ਨਹੀਂ
ਕਿਸੇ ਦਾ ਪੱਖ ਨਹੀਂ
ਕਿਸੇ ਦਾ ਦੋਸ਼ ਨਹੀਂ
ਆਧੁਨਿਕ ਸਮਾਜ ਦੀ
ਸੁੱਖ ਸ਼ਾਂਤੀ
ਇਸੇ 'ਚ ਮੌਜੂਦ ਹੈ
ਜਿਸ ਨੂੰ
ਇਕੋ ਦ੍ਰਿਸ਼ਟੀ ਨਾਲ
ਵੇਖਣ ਦੀ ਹੋਸ਼ ਹੈ
ਜੋ ਬਰਾਬਰ ਦੀ ਦ੍ਰਿਸ਼ਟੀ ਨਹੀਂ
ਰੱਖਦਾ

ਉਹ ਦੁਆਲੇ 'ਚ
ਵਿਚਰਦੇ ਲੋਕਾਂ 'ਚ
ਹੈ ਨਫ਼ਰਤ ਤੇ ਵੈਰ ਜਨਮਦਾ
ਆਪਣਾ ਹਮੇਸ਼ਾ
ਆਪਣਾ ਜਨਮਦਾ ਹੈ
ਪਿਆਰ ਮੁਹੱਬਤ ਦਯਾ
ਤੇ ਕਲਿਆਣ
ਲੋਕਾਂ ਦੀ ਤਲੀਆਂ ਤੇ ਧਰਦਾ ਹੈ
ਗੈਰ ਹਮੇਸ਼ਾ ਗੈਰ ਜਨਮਦਾ ਹੈ
ਦ੍ਰਿਸ਼ਟੀ ਦਾ ਵਿਤਕਰਾ
ਸਮਾਜ ਨੂੰ ਢਹਿੰਦੀਆਂ ਕਲਾਂ
ਵੱਲ ਲੈ ਜਾਂਦਾ ਹੈ
ਜਿਸਮ ਤੋਂ ਮਿੱਟੀ ਦੀ
ਮੁੱਠ ਰਹਿ ਜਾਂਦਾ ਹੈ
ਉਸ 'ਚ ਨਫ਼ਰਤ ਤੇ ਈਰਖ਼ਾ
ਫੈਲ ਜਾਂਦੀ ਹੈ
ਸਮਾਜ ਮਨੁੱਖਤਾ ਤੇ
ਵਿਸ਼ਵ ਦੀ ਗਤੀ ਠਹਿਰ ਜਾਂਦੀ ਹੈ
ਬਰਾਬਰਤਾ ਦੀ ਦ੍ਰਿਸ਼ਟੀ
ਸਮਾਜ ਤੇ ਵਿਸ਼ਵ 'ਚ
ਸੁੱਖ ਸ਼ਾਂਤੀ ਦਾ ਵਿਸਥਾਰ
ਕਰਦੀ ਹੈ
ਮਨੁੱਖ ਦੀ ਮੰਜ਼ਲ
ਮਨੁੱਖ ਦੇ ਪੈਰਾਂ 'ਚ ਉਤਾਰ ਦਿੰਦੀ ਹੈ

ਮਨੁੱਖ ਤੇ ਸਮਾਜ ਦੇ ਮੱਥੇ
ਉਜਲਾ ਭਵਿੱਖ ਧਰਦੀ ਹੈ
ਵਿਤਕਰੇ ਵਾਲਾ ਮਨੁੱਖ
ਆਪਣੇ ਆਪ 'ਚ ਹੀ
ਗੁਨਾਹਗਾਰ ਹੁੰਦਾ ਹੈ
ਉਸ ਦੀ ਆਤਮਾ
ਉਸਨੂੰ ਮਾਫ਼ ਨਹੀਂ ਕਰਦੀ
ਉਹ ਆਤਮਾ ਦਾ ਕਰਜ਼ਦਾਰ
ਹੁੰਦਾ ਹੈ
ਉਸਨੂੰ ਕਦੀ ਮਾਫ਼ੀ ਨਹੀਂ ਮਿਲਦੀ
ਉਹ ਆਪਣੀ ਹੀ ਨਜ਼ਰ 'ਚ
ਬਦਕਾਰ ਹੁੰਦਾ ਹੈ
ਉਸਦੀ ਜ਼ਮੀਰ
ਉਸਨੂੰ ਕੋਸਦੀ ਹੈ
ਉਸਦੀ ਰੂਹ ਉਸਨੂੰ ਨੋਚਦੀ ਹੈ
ਆਪਣੀ ਖ਼ੁਸ਼ੀ ਲਈ
ਮਨੁੱਖੀ ਖ਼ੁਸ਼ੀ ਲਈ
ਸਮਾਜ ਤੇ ਵਿਸ਼ਵ ਦੀ ਖ਼ੁਸ਼ੀ ਲਈ
ਬਰਾਬਰਤਾ ਦੀ ਦ੍ਰਿਸ਼ਟੀ
ਬਲਦੀ ਮਿਸ਼ਾਲ ਹੈ
ਸੱਚਾ ਸੁੱਚਾ ਤੇ ਮਨੁੱਖਤਾ ਦੀ
ਭਲਾਈ ਲਈ

ਬਰਾਬਰਤਾ ਇਕ ਨੇਕ
ਖ਼ਿਆਲ ਹੈ
ਜਿਵੇਂ ਪਿਆਰ
ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਦਾ ਮੂਲ ਆਧਾਰ ਹੈ
ਤਿਆਗ ਵੀ
ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਦੀ ਉਨਤੀ ਦਾ
ਕਿਰਦਾਰ ਹੈ
ਬਰਾਬਰਤਾ
ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਦੇ ਭਵਿੱਖ ਲਈ
ਲਹੂ ਜਿੰਨਾ ਮਹੱਤਵ ਵਿਚਾਰ ਹੈ

0 0 0

ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ
ਸੱਚ ਸੁੰਦਰਤਾ ਤੇ ਕਲਿਆਣ
ਦਾ ਪੁੰਜ ਹੈ
ਇਸ ਬਿਨਾਂ
ਵਿਸ਼ਵ ਉਜਾੜ ਹੈ ਸੁੰਨ ਹੈ
ਆਧੁਨਿਕ ਮਨੁੱਖ
ਜੋ ਕੁੱਝ ਵੀ ਵਿਸਥਾਰੇ
ਸੱਚ ਹੀ ਵਿਸਥਾਰੇ
ਸੱਚ ਹੀ ਜੀਵੇ
ਸੱਚ ਹੀ ਮਨੁੱਖਤਾ 'ਚ ਉਤਾਰੇ
ਸੱਚ ਆਧੁਨਿਕ ਮਨੁੱਖ
ਤੇ ਸਮਾਜ ਦਾ ਭਵਿੱਖ ਹੈ
ਸੱਚ ਹੀ ਵਿਸ਼ਵ ਦੀ
ਚੜ੍ਹਦੀ ਕਲਾ ਦੀ ਦਿੱਖ ਹੈ
ਸੱਚ ਕਦੀ ਬੀਮਾਰ ਨਹੀਂ ਹੁੰਦਾ
ਕਦੀ ਕਮਜ਼ੋਰ ਨਹੀਂ ਹੁੰਦਾ
ਸੱਚ ਸੱਚ ਹੁੰਦਾ ਹੈ
ਸੁਰ ਹੁੰਦਾ ਹੈ
ਕਦੀ ਵੀ ਸ਼ੋਰ ਨਹੀਂ ਹੁੰਦਾ
ਸੱਚ ਦਾ ਵਿਸਥਾਰ ਹੀ

ਆਧੁਨਿਕ ਮਨੁੱਖ
ਤੇ ਸਮਾਜ ਦਾ ਵਿਸਥਾਰ ਹੈ
ਸੱਚ ਹੀ ਵਿਸ਼ਵ ਦੀ
ਰੌਣਕ ਹੈ ਬਹਾਰ ਹੈ
ਸੱਚ ਕਦੀ ਨਹੀਂ ਮਰਦਾ
ਹਮੇਸ਼ਾ ਅਮਰ ਰਹਿੰਦਾ ਹੈ
ਆਧੁਨਿਕ ਮਨੁੱਖ ਦੇ
ਸਵੈ ਦਾ ਸੱਚ
ਮ੍ਰਿਤਯੂ ਰਹਿਤ ਹੈ ਅਮਰ ਹੈ
ਜਿਸਨੂੰ ਹਵਾ ਸੁਕਾ ਨਹੀਂ ਸਕਦੀ
ਅੱਗਣ ਜਲ਼ਾ ਨਹੀਂ ਸਕਦੀ
ਜਲ ਗਿੱਲਾ ਕਰ ਨਹੀਂ ਸਕਦਾ
ਸੱਚ ਮੌਤ ਦੇ ਹਥੋਂ ਵੀ
ਕਦੀ ਮਰ ਨਹੀਂ ਸਕਦਾ
ਸੱਚ ਉਹ ਜਜ਼ਬਾ ਹੈ
ਜੋ ਆਧੁਨਿਕ ਮਨੁੱਖ
ਸਮਾਜ ਵਿਸ਼ਵ ਦਾ ਚਿਹਰਾ
ਘੜਦਾ ਹੈ
ਦਰਪਣ 'ਚ ਚਿਹਰੇ ਦਾ
ਚਿਹਰੇ 'ਚ ਦਰਪਣ ਦਾ
ਸੱਚ ਧਰਦਾ ਹੈਂ
ਸੱਚ 'ਚ ਪਰੋਈ

ਮਨੁੱਖ ਸਮਾਜ ਤੇ
ਵਿਸ਼ਵ ਦੀ ਇਕਾਈ ਹੈ
ਮਨੁੱਖਤਾ 'ਚ
ਜਿਸਦੀ ਜੋਤ ਸਮਾਈ ਹੈ
ਆਧੁਨਿਕ ਸਮਾਜ ਤੇ
ਘਰੇਲੂ ਜੀਵਨ 'ਚ
ਲੋਕ ਸੱਚ ਦਾ ਕਾਰੋਬਾਰ
ਕਰਦੇ ਹਨ
ਸੱਚ ਬੋਲਦੇ ਹਨ
ਸੱਚ ਲਈ ਕੱਟ ਮਰਦੇ ਹਨ
ਕਦੀ ਨਾ ਘੱਟ ਤੋਲਦੇ ਹਨ
ਸੱਚ ਵਿਚਰਨ ਧਰਾਤਲ
ਦੇ ਦੁਆਲੇ 'ਚ
ਜੋ ਵਿਚਰਦੇ ਹਨ ਲੋਕ
ਸੱਚ ਸਿਰਜਦੇ ਹਨ ਲੋਕ
ਕਦੀ ਵੀ ਹਨ੍ਹੇਰੇ ਦੀ
ਗਲਤਫ਼ਹਿਮੀ ਦਾ ਸ਼ਿਕਾਰ
ਨਹੀਂ ਹੁੰਦੇ
ਇਕ ਦੂਜੇ ਦੀਆਂ ਨਜ਼ਰਾਂ 'ਚ
ਕਦੀ ਵੀ ਸ਼ਰਮਸ਼ਾਰ ਨਹੀਂ ਹੁੰਦੇ
ਜੀਵਨ 'ਚ ਸੱਚ ਜਿਉਣਾ
ਸੱਚ ਹੰਢਾਉਣਾ

ਅਨੁਸ਼ਾਸਨ ਤੇ
ਵਿਸ਼ਵ ਕਿਰਦਾਰ ਦੀ ਨੀਂਹ ਹੈ
ਰੱਕੜਾਂ 'ਚ ਜੋ ਹਰਿਆਵਲ
ਜਨਮ ਦੇਵੇ
ਸੱਚ ਅੰਬਰ ਤੋਂ ਵਰ੍ਹਦਾ
ਉਹ ਮੀਂਹ ਹੈ
ਸੱਚ ਮਨੁੱਖ ਨੂੰ
ਜ਼ੁਲਮ ਤੇ ਅਨਿਆਂਏ ਤੋਂ
ਦੂਰ ਰੱਖਦਾ ਹੈ
ਸੱਚ ਹਰ ਵਕਤ
ਮਨੁੱਖ ਦੀ ਹਿਫ਼ਾਜ਼ਤ
ਤੇ ਆਸਰੇ ਦਾ ਦਮ ਭਰਦਾ ਹੈ
ਸੱਚ ਦੇ ਆਧਾਰ ਤੇ
ਵਿਸ਼ਵ ਦਾ ਕਾਰੋਬਾਰ ਚਲਦਾ ਹੈ
ਸੱਚ ਮਨੁੱਖ ਮਨੁੱਖਤਾ ਦੇ
ਜੀਵਨ ਦਾ ਸਿਲਸਿਲਾ ਹੈ
ਸੱਚ ਦੇ ਆਧਾਰ ਤੇ
ਲਹੂ ਦੇ ਰਿਸ਼ਤੇ ਬਣਾਏ
ਜਾਂਦੇ ਹਨ
ਜੋ ਮਰਨ ਤੋਂ ਪਹਿਲਾਂ
ਤੇ ਪਿੱਛੋਂ ਵੀ ਨਿਭਾਏ ਜਾਂਦੇ ਹਨ
ਸੱਚ ਗ੍ਰਿਹਸਤੀ ਜੀਵਨ 'ਚ

ਗਿੜਦਾ ਉਹ ਲਹੂ ਹੈ
ਜੋ ਪਤੀ ਪਤਨੀ
ਬੱਚਿਆਂ ਦਾ ਵਿਸ਼ਵਾਸ
ਕਦੀ ਘੱਟ ਹੋਣ ਨਹੀਂ ਦਿੰਦਾ
ਪ੍ਰਵਾਰ ਨੂੰ ਕਦੀ ਵੀ
ਦੁੱਖਾਂ ਮੁਸੀਬਤਾਂ ਨੂੰ ਛੋਹਣ
ਨਹੀਂ ਦਿੰਦਾ
ਆਧੁਨਿਕ ਵਿਸ਼ਵ ਵੀ
ਇਕ ਪ੍ਰਵਾਰ ਹੈ
ਸੱਚ ਜਿਸਦਾ ਆਧਾਰ ਹੈ
ਵਿਸ਼ਵਾਸ ਜਿਸਦੀ ਨੀਂਹ ਹੈ
ਤਿਆਗ ਜਿਸਦਾ ਉਸਾਰ ਹੈ
ਪਿਆਰ ਜਿਸਦਾ ਵਜ਼ੂਦ ਹੈ
ਸੱਚ ਜਿਸਦਾ ਲਹੂ ਹੈ
ਸੁੰਦਰਤਾ ਜਿਸਦੀ ਨੁਹਾਰ ਹੈ
ਕਲ਼ਿਆਣ ਜਿਸਦਾ
ਵਿਸਥਾਰ ਹੈ
ਸੱਚ
ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ
ਦੇ ਸ਼ਬਦਾਂ ਅਰਥਾਂ 'ਚ
ਕਦੀ ਤਰੇੜਾਂ ਆਉਣ ਨਹੀਂ ਦਿੰਦਾ
ਇਹ ਰਿਸ਼ਤਿਆਂ ਦੇ ਬੁੱਤ
ਕਦੀ ਵੀ ਢਾਹੁਣ ਨਹੀਂ ਦਿੰਦਾ

ਮਨੁੱਖ ਨਾਲ ਜੋ ਮਨੁੱਖ
ਦਾ ਸੰਬੰਧ ਹੈ
ਜੇ ਉਹ ਸੱਚ ਤੇ ਅਧਾਰਤ ਹੈ
ਤਾਂ ਇਹ ਰਿਸ਼ਤਾ ਹੀ
ਸਿਮਰਨ ਹੈ ਇਬਾਦਤ ਹੈ
ਮਨੁੱਖ ਤੇ ਮਨੁੱਖਤਾ ਦੀ ਕੜੀ
ਜੋ ਸੱਚ ਨਾਲ ਜੁੜੀ ਹੈ
ਲੱਖਾਂ ਤੂਫ਼ਾਨਾਂ ਹਨ੍ਹੇਰੀਆਂ 'ਚ
ਨਾ ਕਦੀ ਟੁੱਟੀ ਹੈ
ਨਾ ਭੁਰੀ ਹੈ
ਸੱਚਾ ਮਨੁੱਖ ਹੀ
ਆਧੁਨਿਕ ਮਨੁੱਖ ਦੇ ਸਵੈ
ਨੂੰ ਪਾ ਸਕਦਾ ਹੈ
ਆਪਣੀ ਜੋਤ ਦੀ ਕਿਰਨ 'ਚ
ਮਨੁੱਖਤਾ ਦਾ ਸੂਰਜ
ਹੰਢਾਅ ਸਕਦਾ ਹੈ

0 0 0

ਆਧੁਨਿਕ ਮਨੁੱਖ ਦੀ
ਸਮਾਜ ਪ੍ਰਤੀ
ਸਮਾਜ ਦੀ
ਆਧੁਨਿਕ ਮਨੁੱਖ ਪ੍ਰਤੀ
ਜੋ ਅਭੀਵਿਅਕਤੀ ਹੈ
ਉਹ ਨਫ਼ਰਤੀ ਨਾ ਹੋਵੇ
ਉਸ ਵਿਚ ਕੋਹਜ ਨਾ ਹੋਵੇ
ਉਸ 'ਚ
ਸੁੰਦਰਤਾ ਤੇ ਕਲਿਆਣ ਦੀ
ਜਾਤ ਹੋਵੇ
ਸੱਚ ਦੀ ਵਿਆਖਿਆ ਦਾ ਢੰਗ
ਮਨੁੱਖ ਨੂੰ ਮਨੁੱਖ ਤੋਂ
ਦੂਰ ਨਾਂ ਕਰੇ
ਬਲਕਿ ਮਨੁੱਖ ਦੇ ਸੱਚ 'ਚ
ਸੱਚ ਦਾ ਸੁੰਦਰ ਰੂਪ ਧਰੇ
ਇਸ ਸੱਚ ਦਾ ਰੂਪ
ਕਰੂਪਤਾ ਨੂੰ ਵੀ ਸੱਚ ਦਾ
ਰੂਪ ਦੇ ਦੇਵੇ
ਬੇਡੋਲ ਪੱਥਰ ਦੇ ਵਜੂਦ ਨੂੰ
ਸੁੰਦਰ ਮੂਰਤੀ ਦਾ ਸਰੂਪ ਦੇ ਦੇਵੇ

ਇਹ ਸੱਚ
ਆਧੁਨਿਕ ਮਨੁੱਖ ਤੇ
ਸਮਾਜ 'ਚ
ਸੁੰਦਰਤਾ ਦੀ ਮਹਿਕ ਫੈਲਾਏ
ਇਹ ਇਸ ਤਰ੍ਹਾਂ ਵਿਕਸੇ
ਕਿ ਆਧੁਨਿਕ ਮਨੁੱਖ ਸਮਾਜ ਤੇ
ਵਿਸ਼ਵ ਨੂੰ ਚਾਰ ਚੰਨ ਲਾਏ
ਇਹ ਜਿਸ
ਮਨੁੱਖ 'ਚ ਵੀ ਉਤਰੇ
ਉਸਨੂੰ ਸੁੰਦਰ ਬਣਾ ਦੇਵੇ
ਦਿਲ ਕਸ਼ੀ ਦਾ ਸੂਰਜ
ਉਸਦੇ ਬਦਨ 'ਚ
ਉੱਗਾ ਦੇਵੇ
ਸਮਾਜ 'ਚ ਵਿਚਰੇ
ਸਮਾਜ ਦੀ ਦੇਹ
ਸੁੰਦਰਤਾ ਸੰਗ ਰੁਸ਼ਨਾ ਦੇਵੇ
ਕਿ ਸਮਾਜ ਦੇ ਵਜ਼ੂਦ ਨੂੰ
ਚੁੰਮਣ ਲਈ ਦਿਲ ਕਰੇ
ਸੁੰਦਰਤਾ ਦੀ ਹਵਾ
ਸਮਾਜ ਦੇ ਹਰ ਅੰਗ

ਹਰ ਨਕਸ਼ 'ਚ ਵਸੇ
ਸਮਾਜ ਸੁੰਦਰਤਾ ਦਾ
ਮੁਜ਼ੱਸਮਾ ਹੋ ਜਾਏ
ਸਮਾਜ ਦੇ ਵਜ਼ੂਦ ਚੋਂ
ਨੂਰ ਹੀ ਨੂਰ ਨਜ਼ਰ ਆਏ
ਸੱਚ
ਮਨੁੱਖ ਸਮਾਜ ਤੇ ਵਿਸ਼ਵ
ਨੂੰ ਇੰਨਾ ਸੁੰਦਰ ਬਣਾਵੇ
ਕਿ ਸੁੰਦਰਤਾ ਦੀ ਸੁੰਦਰਤਾ
ਰੱਬੀ ਹੋਸ਼ ਭੁਲਾ ਦੇਵੇ
ਇਹ ਸੱਚ
ਮਨੁੱਖ ਸਮਾਜ ਤੇ
ਵਿਸ਼ਵ ਦੇ ਮਸਤਕ 'ਚ
ਹੀਰੇ ਜਵਾਹਰਾਤਾਂ ਲਾਲਾਂ
ਮੋਤੀਆਂ ਵਾਂਗ ਚਮਕੇ
ਇਸ ਸੱਚ ਚੋਂ
ਸੂਰਜਾਂ ਦਾ ਤੇਜ਼ ਦਮਕੇ
ਇਹ ਸੱਚ
ਸੁੰਦਰਤਾ ਦਾ ਰੂਪ ਹੋ
ਜਦ ਮਨੁੱਖ ਸਮਾਜ ਵਿਸ਼ਵ
ਦੀਆਂ ਰਗਾਂ 'ਚ ਉਤਰੇ
ਕੇਲੇ ਦੀ ਛਿੱਲੜ ਜਿਹੀ
ਪਾਰਦਰਸ਼ੀ

ਇਨ੍ਹਾਂ ਦੀ ਦੇਹ 'ਚ
ਪ੍ਰਵੇਸ਼ਦਾ ਦਿੱਸੇ
ਜਿਵੇਂ ਸੁੰਦਰ ਗਰਦਨ ਚੋਂ
ਉਤਰਦਾ ਪਾਣੀ ਨਜ਼ਰ ਆਵੇ
ਇਵੇਂ ਹੀ ਮਨੁੱਖ ਸਮਾਜ
ਵਿਸ਼ਵ ਦੀਆਂ ਰਗਾਂ ਚੋਂ
ਜਾਂਦਾ ਇਹ ਸੱਚ
ਨਜ਼ਰ ਆਵੇ
ਇਹ ਸੱਚ ਫੁੱਲਾਂ 'ਚ
ਸੁੰਦਰਤਾ ਦਾ ਰੰਗ ਭਰ ਦੇਵੇ
ਕਲੀਆਂ ਦੇ ਪਿੰਡੇ
ਸੁੰਦਰਤਾ ਦੀ ਮਹਿਕ
ਧਰ ਦੇਵੇ
ਵਿਸ਼ਵ ਗੁਲਜ਼ਾਰ ਨੂੰ
ਸੁੰਦਰਤਾ 'ਚ ਲਪੇਟੇ ਸੱਚ ਦਾ
ਰੂਪ ਚੜ੍ਹ ਜਾਵੇ

0 0 0

ਜਿੱਥੇ ਇਹ ਸੱਚ
ਮਨੁੱਖ ਸਮਾਜ ਤੇ ਵਿਸ਼ਵ 'ਚ
ਸੁੰਦਰਤਾ ਨੂੰ ਜਨਮਦਾ ਹੈ
ਉਥੇ ਇਹ ਸੱਚ
ਸੁੰਦਰ ਹੋਣ ਦੇ ਨਾਲ ਨਾਲ
ਕਲਿਆਣਕਾਰੀ ਵੀ ਹੋਵੇ
ਲੋਕ ਹਿੱਤਕਾਰੀ ਵੀ ਹੋਵੇ
ਇਹ ਸੱਚ
ਮਨੁੱਖ ਸਮਾਜ ਤੇ ਵਿਸ਼ਵ ਦਾ
ਯਥਾਰਥਕ ਰੂਪ ਹੈ
ਇਹ ਸੱਚ
ਵਿਸ਼ਵ ਦਾ ਨਿਆਂਏਮਈ
ਸ਼ਾਂਤ ਸਰੂਪ ਹੈ
ਇਹ ਸੱਚ
ਕਲਿਆਣਕਾਰੀ ਹੋਵੇ
ਇਸਦੇ ਕਲਿਆਣ ਚੋਂ
ਮਨੁੱਖ ਸਮਾਜ ਤੇ ਵਿਸ਼ਵ ਦੀ
ਤਿਆਗਮਈ
ਉਸਾਰੀ ਹੋਵੇ
ਇਹ ਸੱਚ ਮਨੁੱਖ ਨੂੰ
ਸਮਾਜ ਨੂੰ ਵਿਸ਼ਵ ਨੂੰ
ਆਉਣ ਵਾਲੇ ਸਮੇਂ 'ਚ

ਸਫ਼ਲਤਾ ਪ੍ਰਦਾਨ ਕਰੇ
ਇਹ ਸੱਚ ਕਲਿਆਣ ਸੰਗ
ਮਨੁੱਖ ਤੇ ਸਮਾਜ ਦੇ ਸਫ਼ਰ 'ਚ
ਭਲਾਈ ਦਾ ਮੁਜ਼ੱਸਮਾ ਬਣੇ
ਸਮਾਜ ਤੇ ਵਿਸ਼ਵ ਦੇ
ਵਿਕਾਸ ਲਈ
ਸ਼ੁਭ ਇਛਾਵਾਂ ਦਾ
ਬਣਕੇ ਸੂਰਜ ਚੜ੍ਹੇ
ਹਰ ਰਾਹ ਮੰਜ਼ਲ ਤੇ
ਸੱਚ ਤੇ ਕਲਿਆਣ ਦੀ
ਲੋਅ ਧਰੇ
ਸਮਾਜ ਤੇ ਵਿਸ਼ਵ ਦੀ
ਸਫ਼ਲਤਾ ਤੇ
ਸੱਚ
ਸੁੰਦਰਤਾ ਤੇ ਕਲਿਆਣ ਦੇ
ਸ਼ੁਭ ਰਾਗ ਗਾਏ
ਮਨੁੱਖ ਤੇ ਸਮਾਜ ਦੇ ਸਿਰ
ਹੱਥੀਂ ਛਾਵਾਂ ਕਰੇ
ਖੁਸ਼ੀਆਂ ਸੰਗ
ਆਧੁਨਿਕ ਮਨੁੱਖ ਸਮਾਜ ਤੇ ਵਿਸ਼ਵ ਦੀਆਂ
ਝੋਲੀਆਂ ਭਰੇ
ਪੈਰ ਪੈਰ ਤੇ

ਮਨੁੱਖ ਤੇ ਸਮਾਜ ਲਈ
ਸਫ਼ਲਤਾ ਦੇ ਅਰਘੇ ਧਰੇ
ਵਿਸ਼ਵ ਦੀ ਖ਼ੁਸ਼ਹਾਲੀ ਲਈ
ਕੁਦਰਤ ਦੇ ਪੈਰੀਂ ਨਿਰਤ
ਮੌਸਮ ਦੇ ਕੰਠੀਂ ਰਾਗ
ਐਸੀਆਂ ਸੁਰਾਂ ਧਰੇ
ਕਿ ਗਗਨ ਦੇ ਥਾਲ ਚੋਂ
ਨੂਰ ਦਾ ਮੀਂਹ ਵਰ੍ਹੇ
ਪਿਆਰ ਦੀ ਪੌਣ
ਵਿਸ਼ਵ ਦੇ ਪਿੰਡੇ ਵਗੇ
ਸੱਚ
ਮਨੁੱਖਤਾ ਦੇ ਸਿਰ ਤੇ
ਕਲਿਆਣ ਦੀ ਠੰਡੀ ਛਾਂ ਕਰੇ
ਸੱਚ ਦਾ ਆਕਾਸ਼
ਮਨੁੱਖਤਾ ਦੇ ਵਿਹੜੇ
ਕਾਫ਼ਲੇ ਸੂਰਜਾਂ ਦੇ ਧਰੇ
ਸੱਚ ਸੁੰਦਰਤਾ ਕਲਿਆਣ
ਵਿਸ਼ਵ ਸਫ਼ਲਤਾ ਦੀ
ਸਮੱਗਰੀ ਹੋਵੇ
ਆਧੁਨਿਕ ਮਨੁੱਖ ਤੇ ਸਮਾਜ
ਦੀਆਂ ਨਵੀਆਂ ਰਾਹਾਂ

ਨਵੀਆਂ ਮੰਜ਼ਿਲਾਂ ਦੀ
ਪ੍ਰਾਪਤੀ ਲਈ
ਸੱਚ ਸੁੰਦਰਤਾ ਤੇ ਕਲਿਆਣ
ਦੀ ਅਗਵਾਈ ਹੋਵੇ
ਕਲਿਆਣ
ਮਨੁੱਖ਼ ਤੇ ਸਮਾਜਕ
ਪ੍ਰਯੋਜਨ ਦਾ ਰਾਹ ਦਿਖਾਉਂਦਾ
ਰਹੇ
ਮਨੁੱਖ ਤੇ ਸਮਾਜ ਨੂੰ
ਚੜ੍ਹਦੀ ਕਲਾ ਵੱਲ ਲੈ ਜਾਂਦਾ ਰਹੇ
ਆਧੁਨਿਕ ਮਨੁੱਖ
ਦੇ ਰਿਸ਼ਤਿਆਂ ਦਾ ਕਲਿਆਣ ਕਰੇ
ਵਿਸ਼ਵ ਦੇ ਵਜ਼ੂਦ 'ਚ
ਹਿੰਮਤ ਤੇ ਬਲ ਭਰੇ
ਕਲਿਆਣ
ਮਨੁੱਖ ਦੇ ਮੱਥੇ 'ਚ
ਸੂਰਜ ਬਣਕੇ ਜਗਦਾ ਰਹੇ
ਮਨੁੱਖ ਤੇ ਸਮਾਜ ਦੇ
ਹਨ੍ਹੇਰਿਆਂ ਰਾਹਾਂ 'ਚ
ਰੌਸ਼ਨੀ ਕਰਦਾ ਰਹੇ
ਸੁੱਖ ਸ਼ਾਂਤੀ ਤੇ ਸਾਕੂਨ
ਮਨੁੱਖ ਸਮਾਜ ਤੇ
ਵਿਸ਼ਵ ਲਈ ਮੰਗਦਾ ਰਹੇ

ਕਲਿਆਣ
ਵਿਸ਼ਵ ਧਰਤ ਤੇ
ਚੰਨ ਸੂਰਜ ਤਾਰੇ ਬੀਜਦਾ ਰਹੇ
ਕਿਰਨਾਂ ਖਿਲਾਰਦਾ ਰਹੇ
ਚਾਨਣੀ ਸੰਗ ਵਿਸ਼ਵ
ਪਸੀਜਦਾ ਰਹੇ
ਆਧੁਨਿਕ ਮਨੁੱਖ ਤੇ ਸਮਾਜ
ਆਪਣੇ ਸਫ਼ਰ ਵੱਲ
ਵਧਦੇ ਰਹਿਣ
ਕਲਿਆਣ ਦੇ ਸਹਾਰੇ
ਜ਼ੀਵਨ ਦੀ ਹਰ ਜੰਗ
ਫ਼ਤਹਿ ਕਰਦੇ ਰਹਿਣ
ਗਿਆਨ
ਮਨੁੱਖੀ ਸਵੈ ਜੋਤ ਦਾ
ਧਰਤੀਆਂ ਅੰਬਰਾਂ ਤੇ
ਫੈਲਦਾ ਰਹੇ
ਮਨੁੱਖਤਾ ਦੀ ਪਰਮ
ਜੋਤ ਦਾ ਨੂਰ ਹੋ ਜਾਂਦਾ ਰਹੇ
ਮੌਸਮ ਬਹਾਰਾਂ ਰੁੱਤਾਂ
ਉਪਮਾਂ
ਆਧੁਨਿਕ ਮਨੁੱਖ ਸਮਾਜ
ਤੇ ਵਿਸ਼ਵ ਦੀ ਕਰਦੇ ਰਹਿਣ
ਰਾਗਾਂ ਦੇ ਅੰਮ੍ਰਿਤ
ਇਨ੍ਹਾਂ ਦੀ ਦੇਹ ਚੋਂ ਵਰ੍ਹਦੇ ਰਹਿਣ

ਖੁਸ਼ਹਾਲੀਆਂ ਖੁਸ਼ੀਆਂ ਤੇ
ਰੌਣਕਾਂ ਦੇ ਗੀਤ ਗੂੰਜਣ ਸਦਾ
ਧੁੜ ਮਨੁੱਖ ਤੇ ਸਮਾਜ ਦੇ
ਚਰਨਾਂ ਦੀ
ਪੂਜਣ ਸਦਾ
ਜੀਵਨ
ਵਿਸ਼ਵ ਦੀ ਦੇਹ 'ਚ ਭਰਿਆ ਰਹੇ
ਵਿਹੜਾ ਧਰਤ ਦਾ
ਸਦਾ ਹੀ ਹਰਿਆ ਰਹੇ
ਆਧੁਨਿਕ ਮਨੁੱਖ ਦਾ ਬੋਧ
ਸੱਚ ਸੁੰਦਰਤਾ ਕਲਿਆਣ ਦਾ
ਬੋਲਬਾਲਾ ਕਰਦਾ ਰਹੇ
ਰੰਗ ਮਹਿਕ ਤੇ ਨੂਰ
ਇਸ ਤ੍ਰਿਵੇਣੀ ਦਾ
ਵਿਸ਼ਵ ਦੇ ਵਿਹੜੇ 'ਚ
ਧਰਦਾ ਰਹੇ
ਸੱਚ ਸੁੰਦਰਤਾ ਤੇ
ਕਲਿਆਣ ਦਾ ਵਜੂਦ
ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ ਦਾ
ਪ੍ਰਾਣ ਹੈ

ਵਿਸ਼ਵ ਦੀ ਕਾਰਜ
ਪ੍ਰਣਾਲੀ ਦਾ ਲਹੂ ਹੈ
ਮਨੁੱਖਤਾ ਦੀ ਜਾਨ ਹੈ
ਸੱਚ ਸੁੰਦਰਤਾ ਕਲਿਆਣ
ਦੀ ਤ੍ਰਿਵੇਣੀ ਤੋਂ ਬਿਨਾਂ
ਨਾ ਆਧੁਨਿਕ ਮਨੁੱਖ ਦਾ
ਵਜ਼ੂਦ ਹੈ
ਨਾ ਆਧੁਨਿਕ ਸਮਾਜ ਦੀ
ਕੋਈ ਹੋਂਦ ਹੈ
ਨਾ ਵਿਸ਼ਵ ਦੇ ਮੱਥੇ 'ਚ
ਜਗਦੀ ਮਾਨਵਤਾ ਦੀ ਜੋਤ ਹੈ
ਇਹ ਤ੍ਰਿਵੇਣੀ
ਵਿਸ਼ਵ ਦੀ ਦੇਹ ਵੀ ਹੈ
ਮਨੁੱਖਤਾ ਦਾ ਪ੍ਰਾਣ ਵੀ ਹੈ
ਆਧੁਨਿਕ ਮਨੁੱਖ ਦਾ
ਵਜ਼ੂਦ ਵੀ ਹੈ ਜਿੰਦ ਜਾਨ ਵੀ ਹੈ
ਇਸ ਸੁੰਦਰ ਤੇ
ਕਲਿਆਣਕਾਰੀ ਸੱਚ ਤੋਂ ਬਿਨਾਂ
ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ ਦਾ
ਨਾ ਸੰਕਲਪ ਹੈ ਨਾ ਵਜ਼ੂਦ ਹੈ
ਇਸ ਤ੍ਰਿਵੇਣੀ ਦੇ ਸੱਚ 'ਚ.

ਮਨੁੱਖ ਸਮਾਜ ਤੇ
ਵਿਸ਼ਵ ਦਾ ਸੱਚ ਮੌਜ਼ੂਦ ਹੈ
ਇਹ ਸੱਚ ਹੀ
ਇਨ੍ਹਾਂ ਦੀ ਹੋਂਦ ਹੈ
ਹੋਂਦ ਦਾ ਪ੍ਰਮਾਣਿਤ
ਪ੍ਰਗਟਾਅ ਹੈ
ਇਹ ਸੱਚ ਹੀ
ਇਨ੍ਹਾਂ ਦੇ ਮਸਤਕ ਦੀ ਮੰਜ਼ਿਲ ਹੈ
ਇਨ੍ਹਾਂ ਦੇ ਪੈਰਾਂ ਦਾ ਰਾਹ ਹੈ
ਇਹ ਤ੍ਰਿਵੇਣੀ
ਜਿਸ ਵੀ ਵਜ਼ੂਦ 'ਚ ਮੌਜ਼ੂਦ ਹੈ
ਉਸਦੀ ਨਾ ਮੌਤ ਤੋਂ ਪਹਿਲਾਂ
ਨਾ ਮੌਤ ਤੋਂ ਪਿੱਛੋਂ
ਕੋਈ ਹੱਦ ਹੈ ਹਦੂਦ ਹੈ
ਇਹ ਤ੍ਰਿਵੇਣੀ ਹੀ
ਸਮੇਂ ਦੀ ਬ੍ਰਹਿਮੰਡਤਾ ਦੀ
ਨਿਰੰਤਰਤਾ ਹੈ
ਇਹ ਤ੍ਰਿਵੇਣੀ ਹੀ
ਮੌਤ ਤੇ ਜੀਵਨ ਵਿਚਲਾ
ਅੰਤਰ ਹੈ
ਇਹ ਅਮਰ ਹੈ

ਜਨਮ ਮਰਨ ਤੋਂ ਰਹਿਤ ਹੈ
ਪੱਥਰ ਵੀ ਬੋਲਦੇ ਨੇ
ਜੋ ਪੱਥਰੀ ਜੀਭਾ ਨੂੰ ਛੋਹ ਗਿਆ
ਇਹ ਤ੍ਰਿਵੇਣੀ
ਅਜਿਹਾ ਸ਼ਹਿਦ ਹੈ
ਜੋ ਗ਼ੈਰ ਨੇ ਚੱਖਿਆ
ਤਾਂ ਆਪਣਾ ਹੋ ਗ਼ਿਆ
ਇਹ ਪਰਮ ਪੁਰਖ ਦੇ
ਉਹ ਗੁਣ ਹਨ
ਜੋ ਅੱਗਣ ਦਾ ਤੇਜ਼ ਹਨ
ਪੌਣਾਂ ਦੀ ਗਤੀ ਹਨ
ਅੰਬਰ ਦਾ ਸ਼ਬਦ ਹਨ
ਜਲ ਦਾ ਰੱਸ ਹਨ
ਧਰਤੀ ਦੀ ਮਹਿਕ ਹਨ
ਜੀਵਨ ਦਾ ਪ੍ਰਾਣ ਸਾਜ਼ ਹਨ
ਸਾਗਰਾਂ ਦਾ ਸ਼ੋਰ ਹਨ
ਪੱਥਰਾਂ ਦੀ ਅਵਾਜ਼ ਹਨ
ਆਧੁਨਿਕ ਵਿਸ਼ਵ ਦੀ ਸੁਰ ਹਨ
ਸਮਾਜ ਦੇ ਸਾਜ਼ ਹਨ
ਮਨੁੱਖੀ ਭੁਖ਼ਮ ਦਾ ਅਲਾਪ ਹਨ

0 0 0

ਇਸ ਆਧੁਨਿਕ
ਸਮਾਜ ਤੇ ਵਿਸ਼ਵ ਦੀ ਅੱਖ ’ਚ
ਨਾ ਕੋਈ ਵੈਰੀ
ਨਾ ਹੀ ਬੇਗਾਨਾ
ਇਸਦੇ ਲਹੂ ’ਚ
ਸਰਬੱਤ ਦਾ ਭਲਾ ਹੈ
ਜ਼ੁਬਾਨ ਤੇ
ਏਕ ਨੂਰ ਤੇ ਸਭ ਜੱਗ
ਉਪਜਿਓ
ਦਾ ਅਫ਼ਸਾਨਾ ਹੈ
ਆਧੁਨਿਕ ਵਿਸ਼ਵ ’ਚ
ਸਿਰਫ਼ ਲਹੂ ਦਾ ਰਿਸ਼ਤਾ ਹੈ
ਜੋ ਆਪਣਾ ਹੀ ਆਪਾ ਹੈ
ਬੇਗਾਨਾ ਨਹੀਂ
ਵੈਰੀ ਨਹੀਂ ਕੋਈ
ਸਭ ਮਿੱਤਰ ਹੀ ਮਿੱਤਰ ਨੇ
ਇਹ ਆਪਣਿਆਂ ਦਾ
ਵਿਸ਼ਵ ਹੈ
ਆਪਣਿਆਂ ਦੀ ਦੁਨੀਆਂ ਹੈ
ਆਪਣਿਆਂ ਦਾ
ਜ਼ਮਾਨਾ ਹੈ
“ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਗਲ ਸੰਗ ਹਮ ਕੋ
ਬਣ ਆਈ”
ਆਧੁਨਿਕ ਮਨੁੱਖ ਦੀ
ਦੌਲਤ ਹੈ

ਆਧੁਨਿਕ ਸਮਾਜ
ਦਾ ਖ਼ਜ਼ਾਨਾ ਹੈ
"ਏਕ ਨੂਰ ਤੇ ਸਭ ਜੱਗ
ਉਪਜਿਓ"
ਵਿਸ਼ਵ ਦਾ ਕੌਮੀ ਤਰਾਨਾ ਹੈ
ਮੁਹੱਬਤਾਂ ਦਾ ਮੁਜ਼ੱਸਮਾਂ ਹੈ
ਰੀਝਾਂ ਦਾ ਮਾਰਗ ਹੈ
ਮਨੁੱਖਾਂ ਦੀਆਂ ਬੂੰਦਾਂ ਹਨ
ਮਨੁੱਖਤਾ ਦਾ ਸਾਗਰ ਹੈ
ਵਿਸ਼ਵ ਦੀ ਗੋਦ ਦਾ ਨਿੱਘ
ਨੂਰ ਦਾ ਸੋਮਾ ਹੈ
ਇਕ ਇਕ
ਮਨੁੱਖ ਦੀ ਜੋਤ ਬਲਦੀ ਹੈ
ਸੂਰਜਾਂ ਦੀ
ਹੋਂਦ ਲਗਦੀ ਹੈ
ਇਕ ਇਕ ਜੋਤ ਜਦ
ਸਮੂਹਕ ਮਨੁੱਖਤਾ 'ਚ
ਜਗਦੀ ਹੈ
ਤਾਂ ਪਰਮ ਜੋਤ ਦਾ
ਸਰੂਪ ਲਗਦੀ ਹੈ
ਕਰੋੜਾਂ ਸੂਰਜਾਂ ਦੇ ਤੇਜ਼ ਤੋਂ
ਨੂਰ ਤੇਜ਼ ਹੈ ਇਸਦਾ

ਮਨੁੱਖਤਾ ਦੀ ਦੇਹ 'ਚ
ਰੱਬੀ ਵੇਸ ਹੈ ਰੱਬ ਦ੍ਹਾ
ਇਹ ਜੋ ਵਿਸ਼ਵ ਦਾ
ਸਰੂਪ ਹੈ
ਰਾਮ ਰਹੀਮ ਕ੍ਰਿਸ਼ਨ ਅੱਲ੍ਹਾ
ਬੁੱਧ ਨਾਨਕ ਦਾ ਰੂਪ ਹੈ
ਸਰਬਤ ਦੇ ਭਲੇ 'ਚ
ਇਹ ਨਜ਼ਰ ਆਉਂਦਾ ਹੈ
ਨਾ ਕੋਈ ਵੈਰੀ
ਨ੍ਹਾ ਹੀ ਬੇਗਾਨਾ
ਇਸਦਾ ਨ਼ਾਮ ਸਦਾਉਂਦਾ ਹੈ
ਏਕ ਨੂਰ ਤੇ
ਸਭ ਜੱਗ ਉਪਜਿਓ
ਦਾ ਸ਼ਬਦ
ਇਹ ਸਿਮਰਦਾ ਧਿਆਉਂਦਾ ਹੈ
ਇਹ ਸਾਰੀ ਕੁਦਤਰ ਦਾ
ਕਰਤਾ ਹੈ
ਬ੍ਰਹਿਮੰਡਾਂ ਦਾ ਰਚਤਾ ਹੈ
ਇਹ ਉਹ ਨੂਰ ਹੈ
ਜੋ ਆਦਿ ਤੋਂ ਪਹਿਲਾਂ
ਅੰਤ ਤੋਂ ਪਿੱਛੋਂ
ਸ੍ਰਿਸ਼ਟੀ ਦਾ ਕਰਤਾ
ਕਹਾਉਂਦਾ ਹੈ

ਸਰਬਤ ਦਾ ਭਲਾ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਇਕ ਨੂਰ ਤੇ ਸਭ ਜੱਗ
ਉਪਜਿਉ
ਇਨ੍ਹਾਂ ਤਿੰਨਾਂ ਸ਼ਬਦਾਂ ਦੀ ਬਾਣੀ
ਜੋ ਸਿਮਰਦਾ ਸੁਣਦਾ
ਧਿਆਉਂਦਾ ਹੈ
ਉਹ ਆਪ ਤਰਦਾ ਹੈ
ਪੱਥਰਾਂ ਨੂੰ ਤਰਨਾ
ਸਿੱਖਾਉਂਦਾ ਹੈ
ਜਿਸ ਮਨੁੱਖ ਦੀ ਦੇਹ 'ਚ
ਜਿਸ ਸਮਾਜ ਦੇ ਪਿੰਡੇ 'ਚ
ਜਿਸ ਵਿਸ਼ਵ ਦੇ ਵਜ਼ੂਦ 'ਚ
ਇਸ ਬਾਣੀ ਦਾ ਪ੍ਰਵਾਹ ਚਲਦਾ ਹੈ
ਨਾ ਉਹ ਖ਼ੁਰਦੀ ਹੈ
ਨਾ ਜਲ 'ਚ ਭਿੱਜਦੀ ਹੈ
ਨਾ ਅੱਗ 'ਚ ਸੜਦੀ ਹੈ
ਇਹ ਚਿੰਰਜੀਵਤਾ ਤੇ
ਨਿਰੰਤਰਤਾ ਦਾ ਉਹ ਵੇਗ ਹੈ
ਜਿਸਦਾ ਕੋਈ ਅੰਤ ਨਹੀਂ
ਨਾ ਰੂਪ ਨਾ ਰੰਗ ਨਾ ਭੇਖ ਹੈ
ਇਹ ਉਹ ਹੋਂਦ ਹੈ
ਨੂਰੀ ਸੱਚ ਹੈ
ਜੋ ਆਦਿ ਸੱਚ ਹੈ

ਜੁਗਾਦਿ ਸੱਚ ਹੈ
ਜਿਸ ਸੱਚ ਸਦਕਾ
ਮਨੁੱਖ ਸਮਾਜ ਤੇ ਵਿਸ਼ਵ
ਦੀ ਦੇਹ ਮਹਿਕਾਉਂਦੀ ਰਹੇਗੀ
ਜਿਸ ਸੱਚ ਚੋਂ
ਅਨਹਦ ਸ਼ਬਦ ਦੀ ਧੁੰਨ
ਆਉਂਦੀ ਰਹੇਗੀ
ਆਧੁਨਿਕ ਬੋਧ ਦਾ
ਇਹ ਉਹ ਨੂਰ ਹੈ
ਜਿਸਦੇ ਚਾਨਣ 'ਚ
ਧਰਤੀ ਦਾ ਕਣ ਕਣ
ਜ਼ਰਾ ਜ਼ਰਾ ਚੂਰ ਹੈ
ਸਰਬਤੰ ਦਾ ਭਲਾ
ਨਾ ਕੋਈ ਵੈਰੀ
ਨਾ ਹੀ ਬੇਗ਼ਾਨਾ
ਏਕ ਨੂਰ ਤੇ
ਸਭ ਜੱਗ ਉਪਜਿਉ
ਇਹ ਉਹ ਚੇਤਨ ਬੋਧ ਹੈ
ਜੋ ਮਨੁੱਖ ਨੂੰ
ਉਸਦੇ ਸਵੈ ਚੋਂ
ਮਨੁੱਖਤਾ ਦਾ ਸਵੈ
ਵਿਖਾਉਂਦਾ ਹੈ

ਇਹ ਉਹ ਬੂੰਦ ਹੈ
ਜਿਸ 'ਚ ਸਾਗਰ
ਖ਼ੁਦ ਸਮਾਉਂਦਾ ਹੈ
ਇਹ ਉਹ ਤਲਵਾਰ ਹੈ
ਜੋ ਦੁਸ਼ਮਣ ਦਾ
ਸਿਰ ਨਹੀਂ ਕੱਟਦੀ
ਸਿਰ ਚੋਂ
ਸਿਰ ਉੱਗਾਉਂਦੀ ਹੈ
ਸਿਰ ਪੈਰਾਂ 'ਚ ਉਤਾਰਦੀ ਹੈ
ਜੀਵਨ ਦੀ ਹਰ ਫ਼ਤਹਿ ਦਾ
ਇਹ ਸਿਧਾਂਤ ਹੈ
ਬਿਨਾਂ ਪਰਾਂ ਤੋਂ
ਉੱਡਣ ਦਾ ਸਮਾਨ ਹੈ
ਸਿਰ ਤੇ ਬੱਝਾ
ਇਹ ਉਹ ਕਫ਼ਨ ਹੈ
ਜੋ ਮੌਤ ਨੂੰ ਵਰ ਸਕਦਾ ਹੈ
ਮੌਤ ਦਾ ਸਿਰ
ਜ਼ਿੰਦਗੀ ਦੇ ਪੈਰੀਂ
ਧਰ ਸਕਦਾ ਹੈ
ਬੜੇ ਬੜੇ ਬਲੀਆਂ
ਸਿਰ ਲੱਥ ਯੋਧਿਆਂ ਸੂਰਮਿਆਂ
ਇਸਨੂੰ ਧਿਆਇਆ ਹੈ

ਇਹਦੇ ਇਕ ਮਣਕੇ
ਦੇ ਫੇਰ ਤੇ
ਬ੍ਰਿਮੰਡਾਂ ਦੇ ਕਰਤੇ ਦਾ
ਸੱਚ ਪਾਇਆ ਹੈ
ਇਹ ਉਹ ਅੱਖ ਹੈ
ਜੋ ਹਨ੍ਹੇਰੇ 'ਚ ਵੀ ਵੇਖਦੀ ਹੈ
ਹਨ੍ਹੇਰੇ ਦਾ ਸੱਚ ਭਾਲਦੀ ਹੈ
ਆਪਣੇ ਇਕ ਇਸ਼ਾਰੇ ਤੇ
ਸੂਰਜਾਂ ਦੇ ਕਾਫ਼ਲੇ
ਹਨ੍ਹੇਰਿਆਂ 'ਚ ਉਤਾਰਦੀ ਹੈ

0 0 0

ਅਨੁਸ਼ਾਸਨ
ਮਨੁੱਖ ਦੇ ਪ੍ਰਾਣਾਂ ਦੀ ਗਤੀ ਹੈ
ਆਧੁਨਿਕ ਸਮਾਜ ਦੇ
ਦਿਲ ਦਾ ਵੇਗ ਹੈ
ਧਰਤੀ ਦੀ ਪੁੰਗਰਦੀ
ਸ਼ਕਤੀ ਦਾ ਸੇਕ ਹੈ
ਮਨੁੱਖ ਸਮਾਜ ਤੋਂ ਵਿਸ਼ਵ
ਦੀ ਕਾਰਜ ਪ੍ਰਣਾਲੀ 'ਚ
ਇਹ ਸੰਜਮ ਤੇ
ਸੰਤੁਲਨ ਧਰਦਾ ਹੈ
ਇਹ ਹਵਾ ਦਾ ਉਹ
ਬੁੱਲ੍ਹਾ ਹੈ
ਜੋ ਮਨੁੱਖਤਾ ਦੀ ਦੇਹ 'ਚ
ਪ੍ਰਾਣ ਬਣਕੇ ਵਗਦਾ ਹੈ
ਇਹ ਮਨੁੱਖ ਸਮਾਜ ਤੇ
ਵਿਸ਼ਵ ਦੀ ਜੀਵਨ ਗਤੀ ਹੈ
ਇਹ ਸਾਗਰ ਦਾ ਜਲ ਨਹੀਂ
ਮਨੁੱਖੀ ਲਹੂ 'ਚ ਰੱਤੀ ਹੈ
ਅਨੁਸ਼ਾਸਨ
ਮਨੁੱਖ ਸਮਾਜ ਤੇ ਵਿਸ਼ਵ ਦੀ
ਸਰੀਰਕ ਤੇ ਮਾਨਸਿਕ
ਸੁਰੱਖ਼ਸ਼ਾ ਹੈ ਸੰਭਾਲ ਹੈ

ਇਸ ਸੁਫ਼ਨੇ ਨੂੰ
ਸੱਚ 'ਚ ਬਦਲਣ ਦਾ
ਖ਼ਿਆਲ ਹੈ
ਆਪਣੇ ਚੋਂ ਆਪਾ
ਪਾਉਣ ਲਈ
ਇਹ ਪਹਾੜ ਕੱਟਦਾ ਹੈ
ਚਾਨਣ ਨੂੰ ਕੱਤਦਾ ਹੈ
ਕਿਰਨਾਂ ਨੂੰ ਬੁਣਦਾ ਹੈ
ਸੂਰਜਾਂ ਦੇ ਗੋਲੇ ਵੱਟਦਾ ਹੈ
ਅਨੁਸ਼ਾਸਨ
ਆਧੁਨਿਕ ਮਨੁੱਖ ਸਮਾਜ ਤੇ ਵਿਸ਼ਵ ਨੂੰ
ਤਲਵਾਰ ਦੀ ਧਾਰ ਤੇ
ਤੁਰਨਾ ਦੱਸਦਾ ਹੈ
ਤਲਵਾਰਾਂ ਦੀ ਛਾਂ ਹੇਠੋਂ ਵੀ
ਬਚ ਨਿਕਲਦਾ ਹੈ
ਇਸ ਦੀ ਜੋਤ
ਜਿਸ ਵੀ ਮੱਥੇ 'ਚ ਜਗਦੀ ਹੈ
ਇਸਦੀ ਛਾਂ ਹੇਠਾਂ
ਜੋ ਵੀ ਬਹਿੰਦਾ ਹੈ
ਸਾਗਰ ਵਾਂਗ
ਭਰਿਆ ਭਰਿਆ ਰਹਿੰਦਾ ਹੈ
ਜੋ ਫੜਕੇ
ਇਸਦੀ ਉਂਗਲੀ ਤੁਰਦਾ ਹੈ

ਅੱਗ ਦਾ ਦਰਿਆ
ਕੂਲਾਂ ਸਮਝ ਭਰਦਾ ਹੈ
ਆਦਮੀ ਜੋ
ਇਸਨੂੰ ਪ੍ਰਾਣਾਂ 'ਚ ਵਸਾਂਦਾ ਹੈ
ਕਬਰ ਦਾ ਘਰ
ਉਸ ਤੋਂ ਹੋ ਕੋਹਾਂ ਦੂਰ ਜਾਂਦਾ ਹੈ
ਇਸਦੀ
ਤਾਸੀਰ 'ਚ
ਇਸਦੀ ਜ਼ਾਮੀਰ 'ਚ
ਉਹ ਤਾਕਤ ਹੈ
ਆਦਮੀ
ਆਪਣੀ ਮੌਤ ਦਾ ਵਕਤ ਵੀ
ਟਾਲ ਸਕਦਾ ਹੈ
ਅਨੁਸ਼ਾਸਨ 'ਚ ਰਹਿ ਕੇ
ਘੱਟ ਸਾਹਾਂ ਨਾਲ
ਲੰਬੀ ਤੋਂ ਲੰਬੀ ਉਮਰ
ਗੁਜ਼ਾਰ ਸਕਦਾ ਹੈ
ਸੈਂਕੜੇ ਸਾਲ ਜੀਅ ਸਕਦਾ ਹੈ
ਮੌਤ ਕੱਢ ਕੇ ਬਾਹਰ
ਬਿਠਾਲ ਸਕਦਾ ਹੈ
ਜਿਸ ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ 'ਚ
ਅਨੁਸ਼ਾਸਨ ਦੀ ਚੇਤਨਾ
ਦੌੜਦੀ ਹੈ

ਉਹਦੀ ਜ਼ਿੰਦਗੀ
ਆਪਣੀ ਵਸੋਂ ਲਈ
ਮੌਤ ਦੀ ਪਰਤ ਦਰ ਪਰਤ
ਫੋਲਦੀ ਹੈ
ਉਹ ਮੌਤ ਨੂੰ ਵੀ ਜ਼ਿੰਦਗੀ 'ਚ
ਢਾਲ ਲੈਂਦਾ ਹੈ
ਜਿਉਣ ਲਈ
ਮੌਤ ਦੀ ਜੋਤ
ਅੰਦਰ ਬਾਲ ਲੈਂਦਾ ਹੈ
ਅਨੁਸ਼ਾਸਨ 'ਚ ਰਹੇ ਮਨੁੱਖ
ਸਮਾਜ ਵਿਸ਼ਵ ਦੀ
ਕਦੀ ਵੀ ਉਮਰ ਨਹੀਂ ਢਲਦੀ
ਉਹ ਮਰਨ ਤਕ ਹਰਾ ਰਹਿੰਦਾ ਹੈ
ਉਸਦੀ ਜੜ੍ਹ ਨਹੀਂ ਗਲਦੀ।

0 0 0

ਵਿਸ਼ਵ ਕਿਰਦਾਰ
ਵਿਸ਼ਵ ਦਾ ਪਹਿਰੇਦਾਰ ਹੈ
ਵਿਸ਼ਵ ਦੀ ਹਿਫ਼ਾਜ਼ਤ ਲਈ
ਨੰਗੀ ਤਲਵਾਰ ਹੈ
ਵਿਸ਼ਵ ਦੇ ਕਿਸੇ
ਵੀ ਖਤਰੇ ਲਈ
ਉਹ ਸਿਰ ਤਲੀ ਤੇ
ਧਰਦਾ ਹੈ
ਵਿਸ਼ਵ ਦੀ ਚੁੱਪ ਦੀ ਆਵਾਜ਼ ਤੇ
ਉਹ ਕੱਟ ਮਰਦਾ ਹੈ
ਰਿਸ਼ਵਤਖੋਰੀ ਅਨਿਆਂਏ
ਜ਼ੁਲਮ ਜ਼ਬਰ ਤੇ ਨਫ਼ਰਤ
ਜਿਹੇ ਕੋੜ੍ਹ
ਜੋ ਵਿਸ਼ਵ ਸਮਾਜ
ਦੀਆਂ ਜੜ੍ਹਾਂ ਨੂੰ ਖਾਂਦੇ ਹਨ
ਵਿਸ਼ਵ ਕਿਰਦਾਰ
ਇਨ੍ਹਾਂ ਨੂੰ
ਜੜ੍ਹਾਂ ਤੋਂ ਪੁੱਟਦਾ ਹੈ
ਵਿਸ਼ਵ ਚੋਂ ਬਾਹਰ ਸੁੱਟਦਾ ਹੈ
ਜਿਸ ਮਨੁੱਖਤਾ ਦੇ ਹਿਰਦੇ 'ਚ
ਵਿਸ਼ਵ ਕਿਰਦਾਰ ਦਾ ਵਾਸਾ ਹੈ

ਉਸ ਸਿੱਕੇ ਦੇ ਦੋਵੇਂ ਪਾਸੇ ਹੀ
ਜ਼ਿੰਦਗੀ ਦਾ ਪਾਸਾ ਹੈ
ਕਿਰਦਾਰ
ਵਿਸ਼ਵ ਦੀ ਕਾਰਜ ਪ੍ਰਣਾਲੀ ਨੂੰ
ਨਿਰਵਿਗਣ
ਮਨੁੱਖ ਮਨੁੱਖਤਾ ਤੇ ਸਮਾਜ ਦੇ
ਅਨੁਕੂਲ ਢਾਲਦਾ ਹੈ
ਉਸਦੇ ਸਫ਼ਰ 'ਚ
ਆਪਣਾ ਸੱਚ ਸੁੰਦਰਤਾ ਤੇ
ਕਲਿਆਣ ਉਤਾਰਦਾ ਹੈ
ਜਿਨ੍ਹਾਂ ਮੁਲਕਾਂ 'ਚ
ਮੁਲਕੀਂ ਕਿਰਦਾਰ ਨਹੀਂ
ਉਹਨਾਂ ਮੁਲਕਾਂ ਦੇ
ਗੁਲਸ਼ਨ 'ਚ ਬਹਾਰ ਨਹੀਂ
ਉਸ ਮੁਲਕ ਦਾ
ਪੱਤਾ ਪੱਤਾ ਪੀਲਾ ਹੈ
ਜੜ੍ਹਾਂ ਨੇ ਤਿਆਗਿਆ
ਜੀਵਨ ਵਸੀਲਾ ਹੈ
ਉਸ ਮੁਲਕ ਦੀ ਕਾਰਜ
ਪ੍ਰਣਾਲੀ 'ਚ
ਸਿਰ ਤੋਂ ਪੈਰਾਂ ਤੀਕ
ਪੈਰਾਂ ਤੋਂ ਸਿਰ ਤੀਕ
ਭਰਿਸ਼ਟਾਚਾਰ ਹੈ

ਰਿਸ਼ਵਤਖੋਰੀ ਹੈ
ਉਸ ਮੁਲਕ ਦੀ
ਰੱਬ ਦੇ ਹੀ ਹੱਥ ਡੋਰੀ ਹੈ
ਉਸ ਮੁਲਕ ਦੀਆਂ
ਗਲੀਆਂ ਕੂਚੇ ਬੀਮਾਰ ਹਨ
ਲੋਕਾਂ ਦਿਆਂ ਚਿਹਰਿਆਂ ਤੇ
ਪਲੱਤਣ ਛਾਈ ਹੈ
ਕਬਰਾਂ ਦੀ ਖ਼ਾਮੋਸ਼ੀ
ਉਨ੍ਹਾਂ ਘਰਾਂ 'ਚ ਵਸਾਈ ਹੈ
ਉਹ ਲੋਕ ਹੱਸਣਾ ਭੁੱਲ ਜਾਂਦੇ ਨੇ
ਕੱਖਾਂ 'ਚ ਰੁਲ ਜਾਂਦੇ ਨੇ
ਆਪਣੀਆਂ ਲਾਸ਼ਾਂ
ਆਪਣਿਆਂ ਮੋਢਿਆਂ ਤੇ
ਉਠਾਈ ਫਿਰਦੇ ਹਨ
ਆਪਣੇ ਸਿਵੇ
ਆਪਣੀਆ ਤਲੀਆਂ ਤੇ
ਧੁਖਾਈ ਫਿਰਦੇ ਹਨ
ਉਸ ਮੁਲਕ ਦਾ ਬਚਪਣ
ਜਵਾਨੀ ਵੇਖ ਨਹੀਂ ਸਕਦਾ
ਠਰ ਠਰ ਕੇ ਮਰਦਾ ਹੈ
ਸੂਰਜਾਂ ਦਾ ਨਿੱਘ ਸੇਕ ਨਹੀਂ
ਸਕਦਾ

ਉਸ ਮੁਲਕ ਦੀਆਂ ਮਾਵਾਂ
ਦੀਆਂ ਕੁੱਖਾਂ
ਕਦੀ ਹਰੀਆਂ ਨਹੀਂ ਹੁੰਦੀਆਂ
ਉਹ ਸੱਖਣੀਆਂ ਜਨਮਦੀਆਂ ਹਨ
ਭਰੀਆਂ ਨਹੀਂ ਹੁੰਦੀਆਂ
ਉਸ ਮੁਲਕ ਦੇ
ਵਿਹੜੇ 'ਚ ਮੌਤ
ਨੰਗੇ ਨਾਚ ਨੱਚਦੀ ਹੈ
ਗ਼ਰੀਬੀ ਭੁੱਖ ਤੇ ਬੀਮਾਰੀ
ਕੁਆਰਿਆਂ ਨੈਣਾਂ 'ਚ ਵਸਦੀ ਹੈ
ਉਸਦੀ ਹਵਾ ਜਲ ਅੱਗ
ਕਦੀ ਸ਼ੁੱਧ ਨਹੀਂ ਰਹਿੰਦੀ
ਉਸਦੀ ਖ਼ੁਦੀ
ਉਸ 'ਚ ਖ਼ੁਦ ਨਹੀਂ ਰਹਿੰਦੀ
ਉਹ ਮੁਲਕ ਸਾਰੇ ਦਾ ਸਾਰਾ
ਚਕਲੇ ਦਾ ਰੂਪ ਧਾਰਦਾ ਹੈ
ਆਪਣੀਆਂ ਮਾਵਾਂ ਭੈਣਾਂ
ਧੀਆਂ ਦੀ ਪੱਤ ਉਤਾਰਦਾ ਹੈ
ਉਸ ਮੁਲਕ ਦੇ ਲੋਕਾਂ ਦਾ ਮਾਸ
ਜਾਨਵਰਾਂ ਤੋਂ ਵੀ ਸਸਤਾ ਹੈ

ਕੋਠਿਆਂ ਤੇ ਬਜ਼ਾਰਾਂ 'ਚ
ਟੱਕੇ ਸੇਰ ਵਿਕਦਾ ਹੈ
ਜਿਸਮ ਔਰਤ ਦਾ
ਮੁਫ਼ਤ ਵਿਕਦੀ ਮਾਂ ਦੀ
ਮਮਤਾ ਹੈ
ਆਧੁਨਿਕਤਾ ਨੇ
ਆਧੁਨਿਕ ਮਨੁੱਖ
ਤੇ ਸਮਾਜ ਦਾ
ਜੋ ਜਿਸਮ ਘੜਿਆ ਹੈ
ਵਿਸ਼ਵ ਕਿਰਦਾਰ ਦਾ
ਜਜ਼ਬਾ ਉਸਦੇ ਲਹੂ
'ਚ ਭਰਿਆ ਹੈ
ਵਿਸ਼ਵ ਕਿਰਦਾਰ ਚੋਂ ਜੋ
ਵਿਸ਼ਵ ਕੁਰਬਾਨੀ ਦੀ
ਸੋਚ ਮੁਕਦੀ ਹੈ
ਉਸਦੇ ਸ਼ਹਿਰੀਆਂ ਦੀ
ਹਿਫ਼ਾਜ਼ਤ
ਸੱਚ ਪਿਆਰ ਸੁੰਦਰਤਾ
ਕਲਿਆਣ ਦਯਾ ਤੇ
ਬਰਾਬਰਤਾ ਦੀ
ਗ਼ਤੀ ਰੁਕਦੀ ਹੈ
ਉਸਦੀ ਸ਼ਾਸਨ ਪ੍ਰਣਾਲੀ
ਦੀ ਬੇੜੀ ਡੁੱਬਦੀ ਹੈ

ਵਿਸ਼ਵ ਕਿਰਦਾਰ
ਮਨੁੱਖਾ ਜੀਵਨ ਦੀ
ਸਮਾਜਕ ਵਜ਼ੂਦ ਦੀ
ਵਿਸ਼ਵ ਦੀ ਹੋਂਦ ਦੀ ਜਾਨ ਹੈ
ਵਿਸ਼ਵ ਕਿਰਦਾਰ
ਵਿਸ਼ਵ ਦੇ ਲਹੂ ਦੀ ਗਰਮੀ
ਨਿੱਘ ਹੈ ਪ੍ਰਾਣ ਹੈ
ਵਿਸ਼ਵ ਕਿਰਦਾਰ
ਸਮਾਜਕ ਸੋਹਜ ਸੰਜਮ
ਦੇ ਸੁੰਦਰ ਰੂਪ ਦਾ
ਆਧਾਰ ਹੈ
ਵਿਸ਼ਵ ਕਿਰਦਾਰ
ਮਨੁੱਖਤਾ ਦੇ ਅੰਦਰ ਤੇ
ਬਾਹਰ
ਲੱਗੀ ਸੁਰੱਖ਼ਸ਼ਾ ਦੀ
ਉਹ ਵਾੜ ਹੈ
ਜਿਸ ਦੀ ਸੋਚ 'ਚ
ਸਮਾਜ ਵਿਸ਼ਵ ਦੇ
ਸੱਚ ਸੁੰਦਰਤਾ ਤੇ ਕਲਿਆਣੰ
ਦਾ ਖ਼ਿਆਲ ਹੈ
ਇਹ ਵਿਸ਼ਵ ਦਾ
ਉਹ ਸਿਪਾਹੀ ਹੈ
ਜਿਸਨੇ ਉਸਦੇ ਵਿਸ਼ਵ ਵੱਲ
ਅੱਖ ਉਠਾਈ ਹੈ

ਉਸਨੇ
ਉਸਦੀ ਅਲਖ ਮੁਕਾਈ ਹੈ
ਵਿਸ਼ਵ ਕਿਰਦਾਰ
ਰਾਜਨੀਤਕ ਆਰਥਕ
ਸਮਾਜਕ
ਮਨੁੱਖ ਤੇ ਮਨੁੱਖਤਾ 'ਚ
ਪ੍ਰਦੁਸ਼ਣ ਫੈਲਣੋਂ ਰੋਕਦਾ ਹੈ
ਵਿਸ਼ਵ ਕਿਰਦਾਰ
ਅੰਜ਼ਾਮ ਤੋਂ ਪਹਿਲਾਂ ਹੀ
ਜ਼ੁਲਮ ਨੂੰ ਠੋਕਦਾ ਹੈ
ਆਧੁਨਿਕ ਸੋਚ ਨੇ
ਵਿਸ਼ਵ ਕਿਰਦਾਰ ਦੀ
ਸਚਾਈ ਨੂੰ
ਸਮਾਜ ਮਨੁੱਖ ਦੀਆਂ
ਨੀਹਾਂ 'ਚ ਭਰਿਆ ਹੈ
ਫਿਰ ਸਮਾਜ
ਸਿਰਜਣਾ ਦਾ ਪੱਥਰ
ਧਰਿਆ ਹੈ
ਵਿਸ਼ਵ ਮਹਿਲ ਦੀ
ਬੁਨਿਆਦ 'ਚ
ਵਿਸ਼ਵ ਕਿਰਦਾਰ ਦਾ
ਸੱਚ ਸਮਾਇਆ ਹੈ

ਜੋ ਵਿਸ਼ਵ ਦੇ ਚਿਹਰੇ ਤੇ
ਨੂਰ ਦਾ ਜਲਵਾ ਲੈ ਕੇ ਆਇਆ ਹੈ
ਇਸ ਕਿਰਦਾਰ ਨੂੰ
ਵਿਸ਼ਵ ਦੀ ਇੱਜ਼ਤ
ਆਪਣੀ ਇੱਜ਼ਤ ਨਾਲੋਂ ਵੀ
ਪਿਆਰੀ ਹੈ
ਵਿਸ਼ਵ ਤੋਂ ਸਿਰ ਵਾਰਨ ਦੀ
ਸਦਾ ਉਸਦੀ ਤਿਆਰੀ ਹੈ
ਸਮਾਜ ਦੇ ਹਰ ਵਸ਼ਿੰਦੇ ਨੂੰ
ਉਸਦਾ ਹੱਕ ਮਿਲ ਸਕੇ
ਆਪਣੇ ਆਸ਼ੇ ਦੀ ਪੂਰਤੀ
ਲਈ
ਸਮਾਜਕ ਸਹਿਯੋਗ ਮਿਲ ਸਕੇ
ਇਸ ਸਭ ਦੀ ਪ੍ਰਾਪਤੀ
ਲੋੜਵੰਦਾਂ ਤੱਕ ਪਹੁੰਚਾਉਣਾ
ਵਿਸ਼ਵ ਕਿਰਦਾਰ ਦਾ
ਕਰਤਵ ਹੈ ਧਰਮ ਹੈ
ਸ਼ਾਂਤੀ ਸਾਕੂਨ
ਸਮਾਜਕ ਨਿਰਵਿਗਣਤਾ
ਇਸ ਕਿਰਦਾਰ ਦਾ
ਕਰਮ ਹੈ
ਇਸ ਰਾਜਨੀਤਕ ਸੱਚ
ਆਰਥਕ ਬਰਾਬਰਤਾ

ਤੇ ਸਮਾਜਕ ਏਕਤਾ ਦਾ
ਹਾਮੀ ਹੈ
ਇਸਨੇ ਮਨੁੱਖ ਸਮਾਜ ਤੇ
ਵਿਸ਼ਵ ਦੀ ਸਮਾਜ ਤੇ
ਵਿਸ਼ਵ ਦੀ ਕੱਟੀ ਗੁਲਾਮੀ ਹੈ
ਇਹ ਛਾਂਵਾਂ ਵਾਲੇ ਫੱਲਾਂ ਵਾਲੇ
ਰੁੱਖ ਉੱਗਾਂਦਾ ਹੈ
ਪ੍ਰਕਿਰਤੀ ਨੂੰ
ਹਰਿਆਊਲਾ ਰੱਖਦਾ ਹੈ
ਸਹਿਰਾ ਨੂੰ ਪਿਆਸਾ
ਰਹਿਣ ਨਹੀਂ ਦਿੰਦਾ
ਸਾਗਰਾਂ ਨੂੰ ਭਰਿਆ ਰੱਖਦਾ ਹੈ
ਕਿਸੇ ਵੀ ਉੱਜਲੇ ਭਵਿੱਖ ਦਾ
ਇਹ ਪ੍ਰਾਣ ਹੈ
ਜੀਵਨ ਦੀ ਸੁੱਖ ਸ਼ਾਂਤੀ
ਰੌਣਕ ਬਹਾਰ ਹੈ
ਇਹਨਾਂ ਕਬਰਾਂ ਦੀ ਚੁੱਪ ਹੈ
ਨਾ ਚੁੱਪ ਦਾ ਸ਼ਮਸ਼ਾਨ ਹੈ
ਇਹ ਕਲੀਆਂ ਦਾ ਮਹਿਕਣਾ ਹੈ
ਫੁੱਲਾਂ ਦਾ ਖਿੜਣਾ ਹੈ
ਹੱਸਦਾ ਖੇਡਦਾ ਭਵਿੱਖ
ਇਸ ਵਿਸ਼ਵ ਦੀ ਤਲੀ ਤੇ
ਧਰਨਾ ਹੈ
ਪਿਆਰ ਤਿਆਗ
ਸੱਚ ਸੁੰਦਰਤਾ ਕਲਿਆਣ

ਨਾ ਕੋਈ ਵੈਰੀ
ਨਾ ਹੀ ਬੇਗਾਨਾ
ਸਰਬਤ ਦਾ ਭਲਾ
ਏਕ ਨੂਰ ਤੇ
ਸਭ ਜੱਗ ਉਪਜਿਓ
ਸਿਧਾਂਤਾਂ ਦੇ ਆਧਾਰ ਤੇ
ਅਨੁਸ਼ਾਸਨ ਤੇ
ਵਿਸ਼ਵ ਕਿਰਦਾਰ ਦੇ
ਵਿਚਾਰ ਤੇ
ਆਧੁਨਿਕ ਵਿਸ਼ਵ ਖੁਸ਼ ਹੈ
ਖੁਸ਼ਹਾਲ ਹੈ
ਬਦਨ 'ਚ ਰੌਣਕਾਂ ਹਨ
ਮੁੱਖ ਤੇ ਬਹਾਰ ਹੈ
ਵਿਸ਼ਵ ਕਿਰਦਾਰ ਦਾ
ਪ੍ਰਯੋਜਨ
ਮਨੁੱਖ ਸਮਾਜ ਤੇ
ਵਿਸ਼ਵ ਨੂੰ
ਉਜਲਾ ਭਵਿੱਖ ਪ੍ਰਦਾਨ
ਕਰਨਾ ਹੈ
ਸੱਚ ਸੁੰਦਰਤਾ ਤੇ ਕਲਿਆਣ
ਦਾ ਰੂਪ ਦੇਣਾ ਹੈ
ਮਨੁੱਖ ਸਮਾਜ ਮਨੁੱਖਤਾ ਨੂੰ
ਵਿਸ਼ਵ ਦਾ ਸਰੂਪ ਦੇਣਾ ਹੈ

ਵਿਸ਼ਵ ਦੀ ਕਾਰਜ ਪ੍ਰਣਾਲੀ
ਸਾਫ਼ ਸੁੱਥਰੀ ਤੇ ਨਿਰੋਈ
ਰੱਖਣੀ ਹੈ
ਪਿਆਰ ਇਮਾਨਦਾਰੀ
ਨਿਆਂਏ ਤੇ ਵਿਸ਼ਵਾਸ ਨੂੰ
ਮਨੁੱਖ ਮਨੁੱਖਤਾ ਤੇ ਸਮਾਜਕ
ਇਕਾਈ 'ਚ
ਪਰੋਈ ਰੱਖਣਾ ਹੈ

0 0 0

ਵਿਸ਼ਵ ਕਾਰਜ ਪ੍ਣਾਲੀ ਦਾ
ਆਧਾਰ ਲੋਕ ਹਨ
ਇਹ ਲੋਕਾਂ ਲਈ
ਲੋਕਾਂ ਵਲੋਂ
ਲੋਕਾਂ ਦੀ ਸਰਕਾਰ ਦਾ
ਰੰਗ ਰੂਪ ਨਕਸ਼ ਅੰਗ
ਨੌਹਾਰ ਹੈ
ਲੋਕਾਈ ਹੀ ਸਰਕਾਰ ਦਾ
ਸਰੂਪ ਹੈ
ਸਰਕਾਰ ਕਿਸੇ ਵੀ
ਪ੍ਣਾਲੀ ਨੂੰ ਲਾਗੂ ਕਰਨ ਤੋਂ
ਪਹਿਲਾਂ
ਆਪਣਾ ਆਪ ਲੋਕਾਈ
ਦੀ ਥਾਂ ਰੱਖਦੀ ਹੈ
ਇਸਦਾ ਚਾਨਣ
ਹਨ੍ਹੇਰਾ ਸੋਚ ਸਮਝ ਕੇ
ਆਪਣਾ ਕਾਰਜ
ਆਰੰਭ ਕਰਦੀ ਹੈ
ਸਰਕਾਰੀ ਕਾਰਜ ਪ੍ਣਾਲੀ
ਹਰ ਪੈਰ ਤੇ ਲੋਕਾਂ ਲਈ
ਉੱਜਲੇ ਭਵਿੱਖ ਦੇ
ਬੀਜ ਬੀਜਦੀ ਹੈ
ਲੋਕ ਇਸ ਬੀਜ ਚੋਂ ਉੱਗੇ

ਰੁੱਖਾਂ ਦੇ ਛਾਂਵੇਂ ਬਹਿੰਦੇ ਹਨ
ਫੱਲ ਖਾਂਦੇ ਹਨ
ਫੁੱਲਾਂ ਦੀਆਂ ਪੱਤੀਆਂ ਦੀ ਖ਼ੁਸ਼ਬੂ
ਹੰਢਾਉਂਦੇ ਹਨ
ਰਾਜਨੀਤਕ ਪ੍ਰਣਾਲੀ
ਮਨੁੱਖ ਸਮਾਜ ਤੇ ਵਿਸ਼ਵ ਦੇ
ਉੱਜਲੇ ਭਵਿੱਖ ਲਈ
ਸੱਚਾ ਤੇ ਸੁੱਚਾ ਰਾਹ
ਘੜਦੀ ਹੈ
ਮਨੁੱਖ ਦਾ ਦਾਮਨ
ਜੀਵਨ ਸੁਰੱਖ਼ਸ਼ਾ
ਜੀਵਨ ਜੀਉਣ ਹੰਢਾਉਣ
ਅਮਨ ਤੇ ਬੋਧ ਨਾਲ
ਭਰਦੀ ਹੈ
ਹਰ ਘੜੇ 'ਚ ਜਲ
ਹਰ ਚੁੱਲ੍ਹੇ 'ਚ ਅੱਗ ਧਰਦੀ ਹੈ
ਕੰਧਾਂ ਗੱਲਾਂ ਕਰਦੀਆਂ ਹਨ
ਵਿਹੜੇ ਤੁਰਦੇ ਹਨ
ਬੂਹੇ ਲੋਕਾਂ ਨੂੰ
ਜੀ ਆਇਆਂ ਕਹਿੰਦੇ ਹਨ
ਰਾਹਾਂ 'ਚ ਨੈਣ ਵਿਛਾਉਂਦੇ ਹਨ
ਲੋਕ ਲੋਕਾਂ ਨੂੰ
ਆਪਣੀਆਂ ਪਲਕਾਂ ਤੇ
ਬਿਠਾਉਂਦੇ ਹਨ

ਪਿਆਰ ਦੇ ਗੀਤ ਗਾਉਂਦੇ ਹਨ
ਇਕ ਦੂਜੇ ਦੇ ਚਾਅ 'ਚ
ਫੁਲੇ ਨਾ ਸਮਾਉਂਦੇ ਹਨ
ਕਿਸੇ ਨੂੰ ਅਜ਼ਨਬੀ
ਗ਼ੈਰ ਪਰਾਏ ਨਾ ਵੈਰੀ
ਹੋਣ ਦਾ ਅਹਿਸਾਸ ਹੈ
ਹਰ ਇਕ ਆਪਣੇ
ਸਵੈ 'ਚ ਭਿੱਜਿਆ ਹੈ
ਪਰਮ ਸਵੈ ਦੇ ਸਫ਼ਰ 'ਚ
ਰੁੱਝਿਆ ਹੈ
ਲੋਕਾਂ ਨੇ
ਇਕ ਦੂਜੇ ਦਾ ਸੱਚ ਪਛਾਤਾ ਹੈ
ਇਕ ਦੂਜੇ ਦਾ
ਅੰਦਰ ਜਾਤਾਂ ਹੈ
ਇਕ ਦੂਜੇ ਚੋਂ
ਉਨ੍ਹਾਂ ਨੂੰ ਆਪਣਾ ਆਪ
ਹੀ ਨਜ਼ਰ ਆਇਆ ਹੈ
ਬੂੰਦ ਦਾ ਸੱਚ
ਸਾਗਰ 'ਚ ਸਮਾਇਆ ਹੈ

0 0 0

ਆਰਥਕ ਪ੍ਰਣਾਲੀ 'ਚ
ਲੋਕ ਆਪਣੇ ਆਪਣੇ ਹੱਕਾਂ
ਦੇ ਭਾਗੀਦਾਰ ਹਨ
ਚਿਹਰਿਆਂ ਤੇ ਰੁੱਤਾਂ ਮੌਸਮ
ਬਹਾਰ ਹਨ
ਮਨਾਂ 'ਚ
ਖਿੜੀਆਂ ਗੁਲਜ਼ਾਰਾਂ ਹਨ
ਪਤੀ ਆਪਣੇ
ਕਰਮ ਖੇਤਰ 'ਚ ਕੰਮ ਕਰਦਾ ਹੈ
ਫੱਲ ਦਾ ਕੁੱਝ ਹਿੱਸਾ
ਘਰ ਲਿਆਉਂਦਾ ਹੈ
ਕੁੱਝ ਵਿਸ਼ਵ ਦੀ ਝੋਲੀ 'ਚ
ਪਾਉਂਦਾ ਹੈ
ਪਤਨੀ ਵੀ ਆਪਣੇ
ਕਰਮ ਖੇਤਰ 'ਚ ਰੁੱਝੀ ਹੈ
ਜੀਵਨ ਜੀਉਣ ਦੀ
ਲੋੜ ਅਨੁਸਾਰ
ਕਰਮ ਫੱਲ ਖਾਂਦੇ ਹਨ
ਤਸੱਲੀ ਦੇ ਫੁੱਲ ਮੀਆਂ
ਬੀਵੀ ਦੇ ਚਿਹਰੇ ਤੇ ਖਿੜੇ ਹਨ
ਦਿਨ ਨੂੰ ਰਾਤ
ਰਾਤ ਨੂੰ ਦਿਨ ਮਿਲੇ ਹਨ
ਸੁਭ੍ਹਾ ਹੁੰਦੀ ਹੈ

ਗੁਲਸ਼ਨ ਦਾ
ਕਾਰੋਬਾਰ ਚੱਲਦਾ ਹੈ
ਸਮਾਂ ਲੰਘਦਾ ਹੈ
ਲੋਕੀ ਸਮਾਂ ਗੁਜ਼ਾਰਦੇ ਨਹੀਂ
ਸਮੇਂ ਨੂੰ ਜੀਂਦੇ ਹਨ ਮਾਣਦੇ ਨਹੀਂ
ਆਪਣਾ ਆਪਣਾ ਸੱਚ
ਪਹਿਚਾਣਦੇ ਹਨ
ਘਰਾਂ ਦੀਆਂ ਨਾਰਾਂ ਦੀਆਂ
ਅੱਖ੍ਹਾਂ ਸ਼ਰਬਤੀ ਖੂਹੀਆਂ ਹਨ
ਭਰੇ ਭਰੇ ਜੁੱਸੇ
ਸੁੰਦਰਤਾ ਦੀ ਬਹਾਰ ਹੈ
ਖੁਸ਼ਬੂ ਹੀ ਅੰਦਰ
ਨੈਣ ਨਕਸ਼ ਹਨ
ਕਾਤਰਾਂ ਚੰਨ ਦੀਆਂ
ਜਿਸਮਾਂ ਚੋਂ ਚੰਨ ਦੀ ਚਾਨਣੀ
ਸਿਮਦੀ ਹੈ
ਇਹ ਹੁਸਨ ਦੇ ਮੁਜ਼ੱਸਮੇ
ਜਦ ਜਗਦੇ ਹਨ
ਪੱਥਰਾਂ ਨੂੰ ਖੰਭ ਲੱਗਦੇ ਹਨ
ਰੁੱਖ ਤੁਰਦੇ ਹਨ
ਬਾਹਾਂ ਉਲਾਰਦੇ ਹਨ
ਹੁਸਨ ਦਾ ਨੂਰ
ਆਪਣੀਆਂ ਰੂਹਾਂ 'ਚ
ਉਤਾਰਦੇ ਹਨ

ਥਿੰਦੇ ਥਿੰਦੇ ਜਿਸਮ
ਚੰਨ ਦਾ ਚੁੰਮਣ ਹਨ
ਅੱਖ੍ਹਾਂ ਦਾ ਨੂਰ
ਅੰਬਰਾਂ ਦੇ ਨੂਰ ਦਾ ਘੁੰਮਣ ਹਨ
ਇਹ ਸਡੋਲ ਤੇ
ਪਤਲੀਆਂ ਨਾਰਾਂ
ਜੇ ਕੋਈ ਬਾਦਸ਼ਾਹ ਵੇਖੇ
ਆਪਣਾ ਤਾਜ
ਅਰਪਣ ਕਰ ਦੇਵੇ
ਕੋਈ ਯੋਧਾ ਵੇਖੇ
ਆਪਣੀ ਤਲਵਾਰ
ਇਨ੍ਹਾਂ ਦੇ ਕਦਮਾਂ 'ਚ
ਧਰ ਦੇਵੇ
ਕੋਈ ਆਸ਼ਕ ਵੇਖੇ
ਆਪਣਾ ਆਪ ਭੁੱਲ ਜਾਵੇ
ਹੱਸਦਾ ਹੱਸਦਾ
ਨੀਹਾਂ 'ਚ ਖਲੋ ਜਾਏ
ਮੁਸਕਰਾਉਂਦਾ ਹੋਇਆ
ਸੂਲੀ ਤੇ ਚੜ੍ਹ ਜਾਏ
ਬਣਕੇ ਕੱਖ ਗਲੀਆਂ ਦਾ
ਇਨ੍ਹਾਂ ਦੇ ਪੈਰਾਂ 'ਚ ਰੁਲ ਜਾਏ
ਇਨ੍ਹਾਂ ਦੇ ਮੀਆਂ
ਜਿਵੇਂ ਕੋਈ ਸ਼ਹਿਜਾਦੇ ਹਨ

ਕੋਮਲ ਦਿਲ
ਤੇ ਪੱਥਰ ਇਰਾਦੇ ਹਨ
ਚੌੜੀਆਂ ਛਾਤੀਆਂ ਤੇ
ਲੱਕ ਪਤਲੇ ਹਨ
ਆਪਣੀਆਂ ਬੀਵੀਆਂ
ਦੇ ਸੰਗ ਰੱਤੜੇ ਹਨ
ਇਨ੍ਹਾਂ ਦੇ ਨੈਣ
ਸੂਰਜ ਮੁੱਖੀਆਂ ਦੇ
ਕੌਲ ਹਨ
ਇਨ੍ਹਾਂ ਦੇ ਅੰਗ ਨਕਸ਼
ਮਰਦਾਨਗੀ ਦੀ ਨੌਹਾਰ ਹਨ
ਸ਼ਹਿਦ ਤੋਂ ਮਿੱਠੜੇ
ਇਨ੍ਹਾਂ ਦੇ ਬੋਲ ਹਨ
ਇਨ੍ਹਾਂ ਸ਼ਹਿਜ਼ਾਦਿਆਂ ਦੇ
ਸਿਰਾਂ ਤੇ
ਅੰਬਰ ਦੇ ਤਾਜ਼ ਹਨ
ਇਨ੍ਹਾਂ ਦੇ ਪੈਰਾਂ 'ਚ
ਧਰਤੀ ਦਾ ਤਖ਼ਤ ਹੈ
ਇਨ੍ਹਾਂ ਦੀਆਂ ਬੀਵੀਆ
ਇਨ੍ਹਾਂ ਦੀ ਦੁਨੀਆਂ ਹੈ
ਇਨ੍ਹਾਂ ਦਾ ਜਗਤ ਹੈ
ਜੋ ਇਹ ਸ਼ਹਿਜ਼ਾਦੇ ਹਨ

ਤਾਂ ਉਹ ਸ਼ਹਿਜ਼ਾਦੀਆਂ ਹਨ
ਦੋਹਾਂ ਦੇ ਬਰਾਬਰ ਦੇ ਹੱਕ ਹਨ
ਬਰਾਬਰ ਦੀ ਅਜ਼ਾਦੀ ਹੈ
ਇਹ ਪਿਆਰ ਦੀ ਡੋਰ 'ਚ
ਇਕ ਦੂਜੇ ਨਾਲ ਬੱਝੇ ਹਨ
ਆਪਣੇ ਆਪ 'ਚ
ਸਜੇ ਧੱਜੇ ਹਨ
ਇਕ ਦਾ ਬੋਲ
ਦੂਜੇ ਦੀ ਚੁੱਪ ਹੈ
ਦੂਜੇ ਦੀ ਚੁੱਪ
ਇਕ ਦਾ ਬੋਲ ਹੈ
ਦੁਨੀਆਂ ਦੀਆ
ਰਹਿਮਤਾਂ ਨਿਹਮਤਾਂ
ਇਨ੍ਹਾਂ ਦੀ ਝੋਲ ਹਨ
ਇਨ੍ਹਾਂ ਦੀਆਂ ਗਲੀਆ
ਮੱਕੇ ਮਦੀਨੇ ਦੀਆਂ
ਗਲੀਆਂ ਹਨ
ਗੋਕਲ ਦੀਆਂ ਗਲੀਆਂ ਹਨ
ਅੰਮ੍ਰਿਤਸਰ ਦੀਆਂ
ਗਲੀਆਂ ਹਨ
ਇਨ੍ਹਾਂ ਦੇ ਵਿਹੜੇ
ਮੁਰਾਰੀ ਦਾ ਬਚਪਣ
ਖੇਡਦਾ ਹੈ

ਰਾਧਾ ਦੇ ਰੂਪ ਦੇ ਮੇਚ ਦਾ ਹੈ
ਇਨ੍ਹਾਂ ਨੂੰ ਵੇਖ ਕੇ
ਇੰਜ ਲਗਦਾ ਹੈ
ਇਨ੍ਹਾਂ ਦੇ ਘਰਾਂ 'ਚ
ਜਿਵੇਂ ਰੱਬ ਵਸਦਾ ਹੈ
ਬਜ਼ੁਰਗ
ਆਪਣੇ ਮਾਣ ਸਨਮਾਨ 'ਚ
ਫੁੱਲੇ ਨਾ ਸਮਾਉਂਦੇ ਹਨ
ਆਪਣੇ ਆਪ 'ਚ
ਸਿਆਣਫ਼ ਦਾ ਖ਼ਜ਼ਾਨਾ
ਕਹਾਉਂਦੇ ਹਨ
ਇਹ ਉਹ ਰੁੱਖ ਹਨ
ਜਿਨ੍ਹਾਂ ਦੀ ਛਾਂ ਹੇਠਾਂ
ਇਨ੍ਹਾਂ ਦੀਆਂ ਧੁੱਪਾਂ ਤੇ
ਧੁੱਪਾਂ ਦੇ ਟੋਟੇ ਬਹਿੰਦੇ ਹਨ
ਇਨ੍ਹਾਂ ਧੁੱਪਾਂ ਤੇ
ਧੁੱਪਾਂ ਦਿਆਂ ਟੋਟਿਆਂ ਨੂੰ
ਇਹ ਆਪਣਾ
ਅੰਸ਼ ਕਹਿੰਦੇ ਹਨ
ਇਨ੍ਹਾਂ ਦੇ ਚਿਹਰਿਆਂ ਦਾ
ਜ਼ਲਾਲ ਦੱਸਦਾ ਹੈ
ਕਿ ਇਨ੍ਹਾਂ ਜੀਵਨ ਗੁਜ਼ਾਰਿਆ ਨਹੀਂ
ਮਾਣਿਆ ਹੈ

ਜੀਵਨ ਦੇ ਸੱਚ ਚੋਂ
ਆਪਣਾ ਆਪਾ ਪਹਿਚਾਣਿਆ ਹੈ
ਇਹ ਜਾਣਦੇ ਹਨ
ਇਹ ਕੁੱਝ ਚਿਰ ਦੇ ਪਰਾਹੁਣੇ
ਪਰ ਆਧੁਨਿਕ
ਵਿਸ਼ਵ ਦੇ ਸਵਰਗ ਨੂੰ
ਛੱਡਣਾ ਨਹੀਂ ਚਾਹੁੰਦੇ
ਇਹ ਜਿਉਣਾ ਚਾਹੁੰਦੇ ਹਨ
ਮਰਨਾ ਨਹੀਂ ਚਾਹੁੰਦੇ
ਮਰ ਕੇ ਵੀ ਇਹ ਲੋਕ
ਅਜਿਹਾ ਸਵਰਗ ਪਾ ਨਹੀਂ
ਸਕਦੇ
ਮਰਨ ਤੋਂ ਬਾਅਦ ਵੀ
ਇਸ ਸਵਰਗ ਨੂੰ
ਭੁਲਾ ਨਹੀਂ ਸਕਦੇ

0 0 0

ਸਮਾਜਕ ਪ੍ਰਣਾਲੀ 'ਚ
ਵਿਸ਼ਵ ਸਮਾਜ ਮਨੁੱਖ ਪ੍ਰਤੀ
ਮਨੁੱਖ ਸਮਾਜ ਵਿਸ਼ਵ ਪ੍ਰਤੀ
ਉਤਰਦਾਇਕ ਹੈ
ਸਮਾਜ ਮਨੁੱਖ ਦੀ
ਮਨੁੱਖ ਸਮਾਜ ਦੀ
ਚੜ੍ਹਦੀ ਕਲਾ ਦਾ ਲਿਖਾਇਕ ਹੈ
ਸਮਾਜ ਉਹ ਰੰਗ ਮੰਚ ਹੈ
ਜਿਸਨੇ ਵਿਸ਼ਵ ਪੱਧਰ ਦਾ
ਮਨੁੱਖੀ
ਕਿਰਦਾਰ ਪੈਦਾ ਕਰਨਾ ਹੈ
ਤੇ ਆਪਣੇ ਆਪ 'ਚ
ਵਿਸ਼ਵ ਰੰਗ ਮੰਚ ਦਾ
ਰੂਪ ਧਾਰਨਾ ਹੈ
ਘਰ ਸਮਾਜ ਮਨੁੱਖ
ਲਈ
ਵਿਦਿਆ ਦੇ ਮਦਰੱਸੇ ਹਨ
ਜਿਨ੍ਹਾਂ ਨੇ ਮਨੁੱਖ ਨੂੰ
ਜੀਵਨ ਸਫ਼ਰ 'ਚ
ਸੱਚੇ ਸੁੱਚੇ ਤੇ ਭਲੇ ਰਾਹ ਦੱਸਣੇ ਹਨ
ਆਧੁਨਿਕ
ਸਮਾਜ 'ਚ ਵਿਚਰਦਾ ਮਨੁੱਖ
ਸਮੇਂ ਦਾ ਰਥਵਾਨ ਹੈ

ਸਮਾਜ ਸੁਧਾਰ ਲਈ
ਸਮਾਜਕ ਵਿਕਾਸ ਲਈ
ਸਮਾਜਕ ਪ੍ਰਯੋਜਨ ਲਈ
ਪੂਰਤੀ ਦਾ ਸਮਾਨ ਹੈ
ਸਮਾਜ 'ਚ ਪ੍ਰਵਾਹ 'ਚ
ਮਨੁੱਖੀ ਰਿਸ਼ਤਿਆਂ 'ਚ
ਤਿਆਗ ਪਿਆਰ ਬਰਾਬਰਤਾ
ਨਾ ਕੋਈ ਵੈਰੀ
ਨਾ ਹੀ ਬੇਗਾਨਾ
ਸਰਬਤ ਦਾ ਭਲਾ
ਏਕ ਨੂਰ ਤੇ ਸਭ
ਜੱਗ ਉਪਜਿਓ
ਦਾ ਆਧਾਰ ਹੈ
ਆਧੁਨਿਕ ਮਨੁੱਖ ਦੇ
ਵਿਕਾਸ ਲਈ
ਜੀਵਨ ਜੀਉਣ ਦੇ
ਸਭ ਦਰ ਖੋਲ੍ਹ ਰੱਖੇ ਹਨ
ਰਾਹਾਂ 'ਚ
ਸੂਰਜ ਬਾਲ ਰੱਖੇ ਹਨ
ਚਾਨਣ ਡੋਲ੍ਹ ਰੱਖੇ ਹਨ
ਮਨੁੱਖੀ ਨਿੱਜੀ ਆਸ਼ੇ ਲਈ

ਰੋਟੀ ਰੋਜ਼ੀ ਕਮਾਉਣ ਲਈ
ਸਭ ਸੁਵਿਧਾਵਾਂ
ਪ੍ਰਦਾਨ ਕੀਤੀਆਂ ਹਨ
ਜਿਨ੍ਹਾਂ ਦੀ ਮਨੁੱਖ ਨੂੰ ਲੋੜ ਹੈ
ਉਹ ਸਮੱਗਰੀਆਂ
ਮਨੁੱਖੀ ਭਵਿੱਖ ਦੀ ਸ਼ਾਨ ਹੈ
ਮਨੁੱਖ ਨੇ ਵੀ
ਸਮਾਜਕ ਵਿਕਾਸ
ਸਮਾਜਕ ਕਾਰਜ ਪ੍ਰਣਾਲੀ
ਸਮਾਜਕ ਆਸ਼ੇ ਦੀ ਪੂਰਤੀ ਲਈ
ਸਭ ਸੀਮਾਂ
ਸੰਭਾਵਨਾਵਾਂ ਦਾ ਯਥਾਰਥਕ ਸੱਚ
ਸਮਾਜ ਦੀ ਨਜ਼ਰ ਕੀਤਾ
ਤਾਂ ਕਿ ਸਮਾਜ
ਇਸ ਤੇ ਪੈਰ ਧਰਕੇ ਲੰਘ ਨਾ ਜਾਵੇ
ਆਪਣੇ ਆਸ਼ੇ ਤੇ
ਵਿਕਾਸ ਦਾ ਸੱਚ ਸੂਲੀ ਤੇ ਟੰਗ
ਨਾ ਜਾਵੇ
ਸਮਾਜ ਤੇ ਮਨੁੱਖ
ਆਪਣੀ ਸੁੰਤਤਰ ਹੋਂਦ
ਜਿਉਂਦੇ ਹਨ
ਇਕ ਦੂਜੇ ਦੀ ਛਾਂਵੇਂ ਬਹਿੰਦੇ ਹਨ
ਦੋ ਜਿਸਮ ਹਨ

ਪਰ ਇਕ ਆਤਮਾ ਬਣਕੇ
ਰਹਿੰਦੇ ਹਨ
ਮਨੁੱਖ ਨੇ ਸਮਾਜਕ ਸਵੈ
ਦੇ ਸੱਚ ਨੂੰ ਪਛਾਤਾ ਹੈ
ਸਮਾਜ ਨੇ ਮਨੁੱਖ ਦੇ
ਸਵੈ ਸੱਚ ਨੂੰ ਜ਼ਾਤਾ ਹੈ
ਸਵੈ ਦੀ ਸਾਂਝ
ਦੋਹਾਂ ਦੇ ਆਸ਼ੇ ਪ੍ਰਾਪਤੀ ਦਾ
ਰਾਹ ਹੈ
ਚਾਨਣ ਮੁਨਾਰਾ ਹੈ
ਇਕ ਦੂਜੇ ਦਾ ਸਹਾਰਾ ਹੈ
ਸਮਾਜ ਨੇ
ਆਪਣੀ ਟਕਸਾਲ 'ਚ
ਮਨੁੱਖ ਨੂੰ ਸੋਨਾ ਬਣਾਇਆ ਹੈ
ਮਨੁੱਖ ਨੇ
ਆਪਣੀ ਬੌਧ ਦੀ ਲੋਅ ਸਦਕਾ
ਸਮਾਜ ਦੀ ਬੁੱਕਲ 'ਚ
ਚੜ੍ਹਦੀ ਕਲਾ ਦਾ ਸੂਰਜ
ਚੜ੍ਹਾਇਆ ਹੈ
ਸਮਾਜ ਤੇ ਮਨੁੱਖ
ਕੁਦਰਤ ਦੇ ਏਨਾ ਕੋਲ ਹਨ
ਕਿ ਕੁਦਰਤ ਹੀ
ਇਨ੍ਹਾਂ ਦੀ ਸੁਰ ਹੈ
ਕੁਦਰਤ ਹੀਂ ਇਨ੍ਹਾਂ ਦੇ ਬੋਲ ਹਨ

ਸਾਗਰਾਂ ਪਹਾੜਾਂ ਨਦੀਆਂ
ਜੰਗਲਾਂ ਦਰਿਆਵਾਂ ਨੂੰ
ਆਧੁਨਿਕ ਮਨੁੱਖ ਤੇ ਸਮਾਜ
ਧਿਆਉਂਦਾ ਹੈ
ਕਿਉਂਕਿ ਇਹ ਉਹ
ਮਨੁੱਖੀ ਜੀਵਨ ਦਾ ਸੋਮਾ ਹੈ
ਜਿਸਨੂੰ ਹੰਢਾ ਕੇ
ਮਨੁੱਖ ਆਪਣੀ ਜੜ੍ਹ ਨਾਲ
ਜੁੜਦਾ ਹੈ
ਆਪਣਾ ਸੱਚ ਪਾਉਂਦਾ ਹੈ
ਚਸ਼ਮੇ ਝਰਨੇ ਮਨੁੱਖ ਲਈ
ਕੁਦਰਤ ਦੀ ਦਾਅਵਤ
ਦੇ ਇਸ਼ਾਰੇ ਹਨ
ਮਨੁੱਖੀ ਮਨ ਦੇ ਚਾਅ ਲਈ
ਨੈਣਾਂ ਤੇ ਜੀਵਨ ਦੀ
ਸੁੰਦਰਤਾ ਲਈ
ਕਾਦਰ ਨੇ ਧਰਤੀ ਤੇ
ਉਤਾਰੇ ਹਨ
ਰੁੱਖਾਂ ਦੇ ਪੱਤਿਆਂ 'ਚੋਂ
ਸਰਕਦੀ ਹਵਾ
ਵੱਖ ਵੱਖ ਪੰਛੀਆਂ ਦੀਆਂ
ਬੋਲੀਆਂ
ਮਨੁੱਖਾ ਜੀਵਨ 'ਚ
ਸੁਰ ਤੇ ਸੰਗੀਤ ਭਰਦੀਆਂ ਹਨ

ਮਨੁੱਖੀ ਜੀਵਨ ਨੂੰ
ਖੁਸ਼ਗੁਆਰ ਤੇ ਰੰਗੀਨ
ਕਰਦੀਆਂ ਹਨ
ਵੱਖ ਵੱਖ ਰੰਗਾਂ ਦੇ ਪੰਛੀ
ਮਨੁੱਖ ਨੂੰ
ਵੱਖ ਵੱਖ ਰੰਗਾਂ ਨਸਲਾਂ
ਜਾਤਾਂ ਦੇ ਲੋਕ ਯਾਦ
ਕਰਵਾਉਂਦੇ ਹਨ
ਇਹ ਵੱਖ ਵੱਖ ਰੰਗਾਂ ਦੇ
ਮਹਿਕਦੇ ਫੁੱਲ
ਵਿਸ਼ਵ ਗੁਲਜ਼ਾਰ ਦੀ
ਸੁੰਦਰਤਾ ਕਹਾਉਂਦੇ ਹਨ
ਇਹ ਪਸ਼ੂ ਪਕਸ਼ੀ ਜੀਵ ਜੰਤੂ
ਕੁਦਰਤ ਦੇ ਵਿਹੜੇ ਦਾ
ਮਨੁੱਖ ਵਾਂਗ ਹੀ
ਸੱਚ ਕਹਾਉਂਦੇ ਹਨ
ਹਰ ਮਨੁੱਖ
ਆਪਣੀ ਮਾਂ ਭਾਸ਼ਾ 'ਚ
ਆਪਣਾ ਦਾਨ ਪ੍ਰਦਾਨ ਕਰਦਾ ਹੈ
ਇਕ ਵਿਸ਼ਵ ਬੋਲੀ 'ਚ
ਵਿਸ਼ਵ ਦਾ ਸਿਲਸਿਲਾ ਤੇ
ਕਾਰੋਬਾਰ ਚਲਦਾ ਹੈ
ਵਿਸ਼ਵ ਦਾ ਹਰ ਮਨੁੱਖ
ਆਪਣੀ ਮਾਂ ਬੋਲੀ

ਦੀ ਉੱਨਤੀ ਤੇ ਵਿਸਥਾਰ
ਦਾ ਹੱਕਦਾਰ ਹੈ
ਪਹਿਰੇਦਾਰ ਹੈ
ਆਪਣੀ ਮਾਂ ਭਾਸ਼ਾ
ਜਿੰਨਾ ਹੀ
ਹਰ ਮਨੁੱਖ ਦੇ ਦਿਲ 'ਚ
ਵਿਸ਼ਵ ਭਾਸ਼ਾ ਦਾ ਸਤਿਕਾਰ ਹੈ
ਆਪਣੀ ਜੜ੍ਹ
ਆਪਣੇ ਰੁੱਖ ਦੇ ਪੱਤਿਆਂ ਨਾਲ
ਮਾਂ ਬੋਲੀ 'ਚ ਵਿਚਰਨਾ ਹੈ
ਦੂਜੀ ਜੜ੍ਹ
ਦੂਜੇ ਰੁੱਖ ਦੇ ਪੱਤਿਆਂ ਨਾਲ
ਵਿਸ਼ਵ ਭਾਸ਼ਾ 'ਚ
ਆਪਣੀ ਅਭੀਵਿਅਕਤੀ
ਕਰਨਾ ਹੈ
ਦੂਜੀ ਜੜ੍ਹ
ਦੂਜੇ ਰੁੱਖ ਦੇ ਪੱਤੇਂ ਵੀ
ਵਿਸ਼ਵ ਭਾਸ਼ਾ 'ਚ ਹੀ
ਆਪਣਾ ਇਜ਼ਹਾਰ ਕਰਦੇ ਹਨ
ਇਸ ਤਰ੍ਹਾਂ
ਆਧੁਨਿਕ ਮਨੁੱਖ
ਸਮਾਜ ਤੇ ਵਿਸ਼ਵ ਦਾ ਜੀਵਨ
ਚੜ੍ਹਦੀ ਕਲਾ 'ਚ ਹੈ

ਇਕ ਦਾ ਆਸ਼ਾ
ਦੂਜੇ ਦੀ ਭਲਾਈ ਹੈ
ਆਪਣੇ ਘਰ ਦੀ ਸਫ਼ਾਈ
ਦੂਜੇ ਦੇ ਘਰ ਦੀ ਸਫ਼ਾਈ ਹੈ
ਆਧੁਨਿਕ ਸਮਾਜ 'ਚ
ਵਸਦਾ ਮਨੁੱਖ
ਆਪਣੇ ਵੱਸਣ ਤੇ ਸਮਾਜ ਦੇ
ਦੁਆਲੇ ਤੋਂ ਸੰਤੁਸ਼ਟ ਹੈ
ਆਧੁਨਿਕ ਮਨੁੱਖ ਤੇ
ਸਮਾਜ ਵੀ ਰਿਸ਼ਟ ਪੁਸ਼ਟ ਹੈ
ਵਿਸ਼ਵ ਦੇ ਕੋਨੇ ਕੋਨੇ 'ਚ
ਮਦਰੱਸੇ ਹਨ
ਵਿਸ਼ਵ ਦਾ ਭਵਿੱਖ ਜਿਸ ਚੋਂ
ਸੱਚ ਸੁੰਦਰਤਾ ਕਲਿਆਣ
ਅਨੁਸ਼ਾਸਨ ਤੇ ਵਿਸ਼ਵ
ਕਿਰਦਾਰ ਸਿੱਖਦਾ ਹੈ
ਆਵਾਜਾਈ ਦੇ ਸਾਧਨ
ਲੋਕਾਂ ਨੂੰ
ਉਨ੍ਹਾਂ ਦੀ ਲੋੜ ਮੁਤਾਬਕ
ਮੁਹੱਈਆ ਹਨ
ਲੋਕ ਆਪ ਵੀ ਇਨ੍ਹਾਂ ਦੀ
ਸਮੱਗਰੀ ਸੰਗ ਭਰਪੂਰ ਹਨ
ਆਵਾਜਾਈ ਦੇ ਸਾਧਨ

ਤੇ ਸੰਚਾਰ ਸ਼ਕਤੀ ਦੀ
ਏਨੀ ਰਫ਼ਤਾਰ ਹੈ
ਕਿ ਸਭ ਇਕ ਦੂਜੇ ਦੇ
ਪਾਸ ਹਨ
ਕੋਈ ਵੀ ਨਾ ਕਿਸੇ ਤੋਂ ਦੂਰ ਹੈ
ਵਿੱਦਿਆ ਦਾ ਪ੍ਰਯੋਜਨ
ਮਨੁੱਖ ਨੂੰ ਗਿਆਨਵਾਨ
ਸਿਆਣਾ
ਤੇ ਵਿਸ਼ਵ ਦਾ ਐਸਾ ਅੰਗ
ਬਣਾਉਂਦਾ ਹੈ
ਜਿਸ ਦੇ ਪੈਰਾਂ 'ਚ ਅੰਬਰ
ਮੁੱਠ 'ਚ ਜ਼ਮਾਨਾ ਹੈ
ਜੋ ਆਪਣੇ ਆਪ 'ਚ
ਦੂਜੇ ਦੇ ਪੈਰਾਂ ਦੀ ਧੂੜ ਹੈ
ਲੋਕਾਂ ਦਾ ਇਹ ਆਪਣਾ
ਬੜਪਣ
ਲੋਕਾਂ ਦੇ ਮੱਥੇ ਦਾ ਨੂਰ ਹੈ
ਵਿਸ਼ਵ 'ਚ ਰਹਿ ਰਿਹਾ ਹਰ ਮਨੁੱਖ
ਇਹ ਮਹਿਸੂਸ ਕਰਦਾ ਹੈ
ਕਿ ਉਹ ਸਭ ਇਕੋ ਹੀ
ਮਾਂ ਦੇ ਗਰਭ ਚੋਂ ਜਨਮੇਂ ਹਨ
ਇਕ ਨੂਰ ਤੋਂ ਉਪਜੇ ਹਨ
ਇਕ ਹੀ ਨੂਰ 'ਚ ਸਮਾਏ ਹਨ
ਉਹ ਸਿਰਫ਼ ਆਪਣੇ
ਤੇ ਸਿਰਫ਼ ਆਪਣੇ ਹਨ

ਨਾ ਵੈਰੀ ਨਾ ਗੈਰ ਨਾ ਪਰਾਏ ਹਨ
ਹਰ ਮਨੁੱਖ ਦੇ ਅੰਦਰ
ਸਵੈ ਦੀ ਜੋਤ ਹੈ
ਹਰ ਮਨੁੱਖ ਲਈ
ਮਨੁੱਖਤਾ ਪਰਮ ਜੋਤ ਦਾ
ਸਰੂਪ ਹੈ
ਵਿਸ਼ਵ ਦੇ ਕੋਨੇ ਕੋਨੇ 'ਚ
ਆਧੁਨਿਕ ਮਨੁੱਖ ਦੇ ਸਵੈਂ ਦਾ
ਰੱਬੀ ਘਰ ਹੈ
ਹਰ ਮਨੁੱਖ ਲਈ
ਇਹ ਸੱਚਾ ਸੁੱਚਾ ਤੇ
ਉੱਚਾ ਦਰ ਹੈ
ਜਿਸ 'ਚ ਇਹ ਆਪਣੀ
ਪ੍ਰਕਰਮਾ
ਆਪਣੀ ਪੂਜਾ ਆਪ ਕਰਦੇ ਹਨ
ਇੱਕ ਇੱਕ ਜੋਤ
ਮਨੁੱਖਤਾ ਦੀ ਪਰਮ ਜੋਤ ਨਾਲ
ਜੁੜਦੀ ਹੈ
ਪਰਮ ਜੋਤ ਦਾ ਸੱਚ
ਆਪਣੇ 'ਚ ਉਤਾਰਦੀ ਹੈ
ਪਰਮ ਜੋਤ ਦੇ ਸੱਚ 'ਚ
ਆਪਾ ਢਾਲਦੀ ਹੈ
ਇੱਸ ਵਿਸ਼ਵ ਦੇ ਰੰਗ ਮੰਚ ਤੇ
ਆਧੁਨਿਕ ਸੰਕਲਪ ਦਾ

ਮਨੁੱਖ ਤੇ ਸਮਾਜ
ਆਪਣਾ ਆਪਣਾ ਨਾਟਕੀ ਰੋਲ
ਨਿਭਾਅ ਰਿਹਾ ਹੈ
ਪਿਆਰ ਤਿਆਗ
ਸੱਚ ਸੁੰਦਰਤਾ ਕਲਿਆਣ
ਦੱਯਾ.ਨੇਕੀ ਬਰਾਬਰਤਾ
ਨਾ ਕੋਈ ਵੈਰੀ ਨਾ ਹੀ ਬੇਗਾਨਾ
ਸਰਬਤ ਦਾ ਭਲਾ
ਏਕ ਨੂਰ ਤੇ ਸਭ
ਜੱਗ ਉਪਜਿਓ
ਵਿਸ਼ਵ ਰੰਗ ਮੰਚ ਤੇ
ਨਾਟ਼ਕ ਕਰ ਰਹੇ
ਕਿਰਦਾਰਾਂ ਦਾ ਸੰਵਾਦ ਹੈ
ਇਨ੍ਹਾਂ ਸਭ ਕਿਰਦਾਰਾਂ ਦਾ
ਆਧੁਨਿਕ ਮਨੁੱਖ ਸੂਤਰਧਾਰ ਹੈ
ਇਹ ਕਿਰ੍ਦਾਰ
ਆਧੁਨਿਕ ਸਮਾਜ 'ਚ ਵਿਚਰਦੇ
ਆਧੁਨਿਕ ਸਮਾਜ ਦੇ ਰੰਗ ਮੰਚ ਚੋਂ
ਵਿਸ਼ਵ ਰੰਗ ਮੰਚ ਸਿਰਜਦੇ
ਆਪਣੇ ਅਭੀਨੈ ਰਾਹੀਂ
ਆਧੁਨਿਕ ਮਨੁੱਖ
ਆਧੁਨਿਕ ਸਮਾਜ ਤੇ
ਵਿਸ਼ਵ ਦਾ ਵਿਸਥਾਰ ਕਰਦੇ
ਜਾ ਰਹੇ ਹਨ
ਮਨੁੱਖਤਾ ਦੀ ਤਲੀ ਤੇ

ਸੱਚ ਸੁੰਦਰਤਾ ਕਲਿਆਣ ਦੇ
ਮੁਜ਼ੱਸਮੇ ਦਾ ਨੂਰ ਧਰਦੇ ਜਾ ਰਹੇ ਹਨ
ਜਿਸ ਸਮਾਜਕ ਵਜ਼ੂਦ ਦਾ
ਜਿਸ ਵਿਸ਼ਵ ਨੂਰ ਦਾ
ਮਨੁੱਖ ਆਦਿ ਤੋਂ ਪਿਆਸਾ
ਰਿਹਾ ਹੈ
ਉਸ ਵਜ਼ੂਦ ਦੀ ਹੋਂਦ ਦਾ ਸੱਚ
ਮਨੁੱਖਤਾ ਦੀ ਤਲੀ ਤੇ
ਟਿੱਕਾ ਰਹੇ ਹਨ
ਇਨ੍ਹਾਂ ਦੇ ਅਭੀਨੈ 'ਚ
ਆਧੁਨਿਕ ਮਨੁੱਖ ਸਮਾਜ
ਵਿਸ਼ਵ ਤੇ ਕੁਦਰਤ ਦੀ
ਇਕਾਈ ਹੈ
ਜੋ ਆਧੁਨਿਕ ਬੋਧ ਦੇ
ਲਹੂ 'ਚ ਸਮਾਈ ਹੈ
ਆਧੁਨਿਕ ਬੋਧ ਹੀ
ਇਨ੍ਹਾਂ ਕਿਰਦਾਰਾਂ ਦਾ
ਪਹਿਰਾਵਾ ਹੈ
ਹਾਰ ਸ਼ਿੰਗਾਰ ਹੈ
ਜੀਵਨ ਹੈ ਪ੍ਰਾਣ ਹੈ
ਜਿਸ ਅੰਤਰਹਿਤ ਨਿਰੰਤਰਤਾ ਨੂੰ
ਇਹ ਗਾ ਰਹੇ ਹਨ
ਮਨੁੱਖ ਨੂੰ ਆਪਣੇ ਸਵੈ ਦਾ ਸੱਚ
ਤੇ ਮਨੁੱਖਤਾ ਦੇ ਸਵੈ ਦਾ ਧਰਮ
ਸਮਝਾ ਰਹੇ ਹਨ

ਇਹ ਸੱਚ ਜਾਨਣਾ ਹੀ
ਜੀਵਨ ਦਾ ਪ੍ਰਯੋਜਨ ਹੈ
ਇਹ ਸੱਚ ਹੀ ਜੀਵਨ ਦਾ ਸੱਚ ਹੈ
ਇਹ ਸੱਚ ਜੀਉਂਦੇ ਮੋਏ
ਮਨੁੱਖ ਦਾ ਸੱਚ ਹੈ
ਧਰਮ ਦਾ ਸੱਚ ਹੈ
ਮਨੁੱਖੀ ਕਰਮ ਦਾ ਸੱਚ ਹੈ
ਇਹ ਸੱਚ ਹੀ
ਜਿਉਂਦੇ ਮੋਏ ਸਮਾਜ 'ਚ
ਸੱਚ ਧਰਨ ਦਾ ਸੱਚ ਹੈ
ਇਸ ਸੱਚ ਤੇ ਅਧਾਰਤ ਹੀ
ਮਨੁੱਖ ਮਨੁੱਖਤਾ ਅਨੁਕੂਲ
ਵਿਸ਼ਵ ਸਿਰਜਿਆ ਜਾ ਸਕਦਾ ਹੈ
ਜਿਸ 'ਚ ਮਨੁੱਖ
ਜਿਉਂਦੇ ਜੀਅ
ਆਪਣੀ ਸ਼ੋਭਾ ਪਾ ਸਕਦਾ ਹੈ
ਕਿਰਨਾਂ ਬੀਜ ਸਕਦਾ ਹੈ
ਸੂਰਜ ਉੱਗਾ ਸਕਦਾ ਹੈ
ਧਰਤੀ ਨੂੰ
ਚਾਰ ਚੰਨ ਲਾ ਸਕਦਾ ਹੈ
ਅੰਬਰ ਧਰਤੀ 'ਚ
ਸਮਾਅ ਸਕਦਾ ਹੈ
ਹੈ ਜਿਸ ਨੇ ਸਿਰਜਿਆ
ਸਭ ਕੁੱਝ

ਉਹ ਆ ਕੇ
ਆਪਣੀ ਸਿਰਜਣਾ
ਵੇਖ ਸਕਦਾ ਹੈ
ਕਿ ਵਿਸ਼ਵ ਰੰਗ ਮੰਚ ਤੇ
ਬੋਲੇ
ਬੋਲਾਂ ਦੀ ਸੁਰ ਕੀ ਹੈ ਅਦਾ ਕੀ ਹੈ
"ਖ਼ੁਦੀ ਕੋ ਕਰ ਬੁਲੰਦ ਇਤਨਾਂ
ਕਿ ਹਰ ਤਕਦੀਰ ਸੇ ਪਹਿਲੇ
ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ
ਰਜ਼ਾ ਕਿਆ ਹੈ"

-0-



ਆਧੁਨਿਕਤਾ
ਦਾਰਸ਼ਨਿਕ ਵਿਗਿਆਨਕ
ਅਭੀਵਿਅਕਤੀ ਦੀ ਪ੍ਰਤੀਕ ਹੈ
ਵਰਤਮਾਨ ਭਵਿੱਖ ਤੇ ਭੂਤ ਚੋਂ
ਨਿਰੰਤਰ ਗੁਜ਼ਰਦੀ ਲੀਕ ਹੈ
ਜਿਸ ਦਾ
ਤ੍ਰੈਕਾਲੀ ਪ੍ਰਭਾਵਿਤਰੂਪ ਹੈ
ਤੇ ਸਮੇਂ 'ਚ
ਇਕ ਪੱਧਰ ਤੇ ਵਿਚਰਦਾ
ਸਰੂਪ ਹੈ
ਜਿਸਦਾ ਆਦਿ ਅੰਤ ਹੈ
ਅੰਤ ਆਦਿ ਹੈ
ਇਹ ਦਿਨ ਦਾ ਸੂਰਜ ਹੈ
ਚੰਨਾਂ ਤਾਰਿਆਂ 'ਚ
ਜਗਦੀ ਰਾਤ ਹੈ
ਆਧੁਨਿਕ ਮਨੁੱਖ
ਆਧੁਨਿਕ ਸਮਾਜ
ਆਧੁਨਿਕ ਵਿਸ਼ਵ ਦੇ ਸਿਰਜਕ ਸੱਚ
ਦੀ
ਯਥਾਰਥਕ ਕਰਾਮਾਤ ਹੈ

–ਚਰਨ ਸਿੰਘ